# ਸਮਤਾ

ਦਸੰਬਰ 1985

ਮੁੱਲ—ਦੋ ਰੁਪਏ

67


ਸਮਤਾ ਦਾ ਇਹ ਅੰਕ ਪਲਸ ਮੰਚ ਦੇ ਸਾਲਾਨਾ ਸਾਹਿੱਤਕ ਸਮਾਗਮ ਨੂੰ ਸਮਰਪਿਤ ਹੈ। ਪੰਜਾਬੀ ਅਤੇ ਹਿੰਦੀ ਦੀ ਰਾਜਸੀ ਕਵਿਤਾ ਬਾਰੇ ਇਸ ਸੈਮੀਨਾਰ ਤੇ ਪੜ੍ਹੇ ਗਏ ਸੁਰਿੰਦਰ ਸਿੰਘ ਨੂਰ ਅਤੇ ਚਮਨ ਲਾਲ ਦੇ ਪਰਚੇ ਇਸ ਵਿੱਚ ਸ਼ਾਮਿਲ ਹਨ। ਰਣਧੀਰ ਸਿੰਘ ਦੀਆਂ 1950 ਵਿਚ ਲਿਖੀਆਂ ਕੁਝ ਕਵਿਤਾਵਾਂ ਤੇ ਇਕ ਗੀਤ ਅਤੇ ਨਾਲ ਹੀ ਕੁਝ ਬਦੇਸ਼ੀ ਕਵਿਤਾਵਾਂ ਇਸ ਅੰਕ ਵਿਚ ਵਿਸ਼ੇਸ਼ ਤੌਰ ਤੇ ਦਿੱਤੀਆਂ ਜਾ ਰਹੀਆਂ ਹਨ। ਅਮਰਜੀਤ ਚੰਦਨ ਵਲੋਂ ਭੇਜੇ 'ਹਮਕਲਮਾਂ' ਲਈ ਦਸ ਸੁਝਾਅ ਅੰਕਿਤ ਹਨ। ਆਉਣ ਵਾਲੇ ਅੰਕਾਂ ਵਿਚ ਇਸ ਸਾਰੀ ਸਮੱਗਰੀ ਤੇ ਟਿੱਪਣੀਆਂ ਦਿੱਤੀਆਂ ਜਾਣਗੀਆਂ ਤਾਂ ਜੋ ਬਹਿਸ ਅਤੇ ਸਿਖਣ ਸਿਖਾਉਣ ਦਾ ਅਮਲ ਜਾਰੀ ਰੱਖਿਆ ਜਾ ਸਕੇ।

—ਸੰਪਾਦਕ

## ਸੰਪਾਦਕੀ

o

### ਪਟਿਆਲੇ ਵਿਚ ਉੱਤਰੀ ਭਾਰਤ ਦਾ ਸਭਿਆਚਾਰਕ ਕੇਂਦਰ

ਪਟਿਆਲੇ ਵਿਚ ਉੱਤਰੀ ਭਾਰਤ ਦਾ ਇਕ ਸਭਿਆਚਾਰਕ ਕੇਂਦਰ ਕਾਇਮ ਕੀਤਾ ਗਿਆ ਹੈ। ਇਹ ਕੇਂਦਰ ਰਾਜੀਵ ਗਾਂਧੀ ਦਾ ਪੰਜਾਬ ਨੂੰ ਇਕ ਤੋਹਫਾ ਕਿਹਾ ਗਿਆ ਹੈ, ਜਿਸਦਾ ਐਲਾਨ ਰਾਜੀਵ ਨੇ ਹੁਸੈਨੀਵਾਲਾ 'ਚ ਕੀਤਾ ਸੀ। ਇਸ ਕੇਂਦਰ ਦੀ ਸਥਾਪਤੀ ਬਾਰੇ ਵੱਖ ਵੱਖ ਟਿੱਪਣੀਆਂ ਇਹਨਾਂ ਦਿਨਾਂ ਦੀਆਂ ਅਖਬਾਰਾਂ ਵਿਚ ਆਈਆਂ ਹਨ। ਸਰਕਾਰੀ ਹਲਕਿਆਂ ਵਿਚ ਇਸਨੂੰ ਪੰਜਾਬ ਤੇ ਉਤਰੀ ਭਾਰਤੀ ਦੇ ਸੂਬਿਆਂ ਦੇ ਸਭਿਆਚਾਰਕ ਵਿਕਾਸ ਵੱਲ ਇਕ ਅਹਿਮ ਕਦਮ ਕਿਹਾ ਗਿਆ ਹੈ। ਵਿਰੋਧੀਆਂ ਵਲੋਂ ਇਸਨੂੰ ਇਕ ਹੋਰ ਸਫੈਦ ਹਾਥੀ ਗਰਦਾਨਿਆ ਗਿਆ ਹੈ। ਇਨਕਲਾਬੀ ਕਮਿਊਨਿਸਟ ਪਾਰਟੀ ਦੇ ਇਕ ਬੁਲਾਰੇ ਵੱਲੋਂ ਇਸਨੂੰ ਹਿੰਦੀ ਸਾਮਰਾਜ ਵਲੋਂ ਪੰਜਾਬੀ ਸਭਿਆਚਾਰ ਤੇ ਇਕ ਧਾਵਾ ਆਖਿਆ ਗਿਆ ਹੈ। ਇਹ ਆਖਣ ਦਾ ਆਧਾਰ ਇਸ ਦਲੀਲ ਤੇ ਹੈ ਕਿ ਉੱਤਰੀ ਭਾਰਤ ਦੇ ਪੰਜਾਬ ਤੋਂ ਸਿਵਾ ਬਾਕੀ ਸੂਬਿਆਂ ਨੇ ਹਿੰਦੀ ਨੂੰ ਆਪਣੀ ਸਰਕਾਰੀ ਭਾਸ਼ਾ ਮੰਨਿਆ ਹੋਇਆ ਹੈ ਤੇ ਜ਼ਰੂਰੀ ਹੈ ਕਿ ਇਸ ਕੇਂਦਰ ਉਤੇ ਹਿੰਦੀ ਸਭਿਆਚਾਰ ਦਾ ਗ਼ਲਬਾ ਹੋਵੇਗਾ। ਪਰ ਮੈਂ ਇਸ ਕੇਂਦਰ ਬਾਰੇ ਇਕ ਹੋਰ ਨੁਕਤੇ ਤੋਂ ਟਿੱਪਣੀ ਕਰਨੀ ਚਾਹੁੰਦਾ ਹਾਂ ਤੇ ਉਹ ਨੁਕਤਾ ਹੈ ਕਿ ਇਸ ਕੇਂਦਰ ਦੀ ਸਥਾਪਨਾ ਹਾਕਮ ਜਮਾਤ ਵਲੋਂ ਸਾਧਾਰਨ ਲੋਕਾਂ ਵਿਰੁੱਧ ਹੋਰ ਸਾਜ਼ਿਸ਼ਾਂ ਵਾਂਗ ਇਕ ਵੱਡੀ ਸਾਜ਼ਿਸ਼ ਹੈ। ਇਸ ਕੇਂਦਰ ਦਾ ਵੱਡਾ ਨਿਸ਼ਾਨਾ ਇਹ ਦੱਸਿਆ ਗਿਆ ਹੈ ਕਿ ਇਸਨੇ ਵੱਖ ਵੱਖ ਇਲਾਕਿਆਂ ਦੇ ਸਭਿਆਚਾਰ ਨੂੰ ਸਾਂਭਣਾ ਹੈ

ਜੋ ਆਧੁਨਿਕਤਾ ਦੀ ਮਾਰ ਥੱਲੇ ਅਲੋਪ ਹੁੰਦਾ ਜਾ ਰਿਹਾ ਹੈ। ਇਹ ਨਿਸ਼ਾਨਾ ਉਤੋਂ ਉਤੋਂ ਵੇਖਿਆਂ ਤਾਂ ਬੜਾ ਨੇਕ ਨਿਸ਼ਾਨਾ ਹੈ, ਪਰ ਜ਼ਰਾ ਡੂੰਘੀ ਤਰ੍ਹਾਂ ਘੋਖੀਏ ਤਾਂ ਇਹ ਨਿਸ਼ਾਨਾ ਜਗੀਰਦਾਰੀ ਕਦਰਾਂ ਕੀਮਤਾਂ ਨੂੰ ਸਾਂਭਣ ਤੋਂ ਬਿਨਾਂ ਹੋਰ ਕੁਝ ਨਹੀਂ। ਇਹ ਠੀਕ ਹੈ ਕਿ ਆਧੁਨਿਕਤਾ ਦੇ ਨਾਂ ਥੱਲੇ ਬਹੁਤ ਸਾਰਾ ਲੱਚਰਪੁਣਾ ਸਾਡੇ ਸਭਿਆਚਾਰ ਨੂੰ ਪਲੀਤ ਕਰ ਰਿਹਾ ਹੈ, ਪਰ ਇਸਦਾ ਬਦਲ ਮਰ ਚੁੱਕੀਆਂ ਕਦਰਾਂ ਕੀਮਤਾਂ ਨਾਲ ਮੋਹ ਨਹੀਂ, ਸਗੋਂ **ਇਕ ਨਵੇਂ ਮਨੁੱਖ ਦੀ ਸਿਰਜਨਾ ਹੈ,** ਜਿਸਨੇ ਆਪਣੀਆਂ ਕਦਰਾਂ ਕੀਮਤਾਂ ਵਾਸਤੇ ਅੱਜ ਦੀ ਸਾਇੰਸ ਨੂੰ ਆਧਾਰ ਬਨਾਉਣਾ ਹੈ। ਪਿਛਲੀਆਂ ਕਦਰਾਂ ਕੀਮਤਾਂ ਨੂੰ ਇਤਿਹਾਸਕ ਪ੍ਰਪੇਖ ਵਿਚ ਅਜਾਇਬ ਘਰਾਂ ਦਾ ਸ਼ਿੰਗਾਰ ਤਾਂ ਬਣਾਇਆ ਜਾ ਸਕਦਾ ਹੈ, ਪਰ ਇਹਨਾਂ ਨੂੰ ਅਪਣਾਉਣ ਲਈ ਕਹਿਣਾ ਜਾਂ ਇਹਨਾਂ ਨਾਲ ਮੋਹ ਪ੍ਰਗਟਾਉਣਾ ਗ਼ੈਰ ਵਿਗਿਆਨਿਕ ਹੈ ਤੇ ਇਹਨਾਂ ਨੂੰ ਸਾਂਭਣਾ ਉਹਨਾਂ ਲੋਕਾਂ ਨਾਲ ਮਖੌਲ ਹੈ, ਜੋ ਹਾਲੀ ਵੀ ਕੱਚਿਆਂ ਘਰਾਂ,ਚਿੱਕੜਾਂ, ਮੱਛਰਾਂ ਤੇ ਬਿਮਾਰੀਆਂ ਵਿਚ ਜ਼ਿੰਦਗੀ ਗੁਜ਼ਾਰ ਰਹੇ ਹਨ। ਇਸ ਕੇਂਦਰ ਬਾਰੇ ਖ਼ਬਰਾਂ ਦੇਂਦਿਆਂ ਪੰਜਾਬੀ ਫੁਲਕਾਰੀ, ਸਾਗ, ਮੱਕੀ ਦੀ ਰੋਟੀ, ਕਸ਼ਮੀਰੀ ਕਾਹਵੇ ਤੇ ਰਾਜਸਥਾਨੀ ਪੁਰਾਣੀ ਕਿਰਤ ਕਲਾ ਦਾ ਬੜਾ ਜ਼ਿਕਰ ਆਇਆ ਹੈ। 'ਫੁਲਕਾਰੀ' ਆਪਣੇ ਆਪ ਵਿਚ ਜਗੀਰਦਾਰਾਨਾ ਦੌਰ ਵਿਚ ਔਰਤ ਦੀ ਗ਼ੁਲਾਮੀ ਦਾ ਚਿੰਨ੍ਹ ਹੈ। ਜ਼ਿੰਦਗੀ ਦੇ ਸਾਰੇ ਵਰਤਾਰੇ ਤੋਂ ਦੂਰ ਘਰ ਬੈਠੀਆਂ ਉਹ ਆਪਣੀਆਂ ਸਾਰੀਆਂ ਰਚਨਾਤਮਕ ਰੁਚੀਆਂ ਇਕ ਫੁਲਕਾਰੀ ਬਨਾਉਣ ਵਿਚ ਹੀ ਲਗਾ ਦੇਂਦੀਆਂ ਸਨ। ਅੱਜ ਦੇ ਵਿਗਿਆਨਿਕ ਯੁੱਗ ਵਿਚ ਜੇਕਰ ਤੁਸੀਂ ਕਿਸੇ ਗਲੀਚੇ ਬਨਾਉਣ ਵਾਲੇ ਕਾਰਖ਼ਾਨੇ ਵਿਚ ਜਾਓ ਤਾਂ ਤੁਸੀਂ ਵੇਖੋਗੇ ਕਿ ਐਸੀਆਂ ਮਸ਼ੀਨਰੀਆਂ ਕੰਮ ਕਰ ਰਹੀਆਂ ਹਨ ਜੋ ਇਕੋ ਵੇਲੇ ਚਾਲੀ ਚਾਲੀ ਰੰਗਾਂ ਦੇ ਧਾਗੇ ਜਾਂ ਉਨਾਂ ਨੂੰ ਕੰਟਰੋਲ ਕਰਦੀਆਂ ਵੱਖ ਵੱਖ ਡੀਜ਼ਾਇਨ ਬਣਾਉਂਦੀਆਂ ਹਨ, ਜਿਨ੍ਹਾਂ ਵਿਚ ਫੁਲਕਾਰੀ ਤੋਂ ਕਿਤੇ ਵੱਧ ਕਲਾ ਹੈ। 'ਫੁਲਕਾਰੀ' ਨਾਲ ਮੋਹ ਔਰਤ ਦੀ ਗ਼ੁਲਾਮੀ ਨਾਲ ਮੋਹ ਹੈ। ਅੱਜ ਦੀ ਨਿਉਟਰਿਸ਼ਨ ਦੀ ਡਾਕਟਰੀ ਵਿਦਿਆ ਦੱਸਦੀ ਹੈ ਕਿ ਮੀਟ ਜਾਂ ਹੋਰ ਪਰੋਟੀਨਾਂ ਦੀ ਖ਼ੁਰਾਕ ਦੇ ਸਾਥ ਤੋਂ ਬਿਨਾਂ ਇਕੱਲਾ ਸਾਗ ਆਪਣੇ ਆਪ ਵਿਚ ਇਕ ਬੜੀ ਨੁਕਸਦਾਰ ਖ਼ੁਰਾਕ ਹੈ ਅਤੇ ਸਾਡੀਆਂ ਪੇਂਡੂ ਔਰਤਾਂ ਦੀਆਂ ਬਹੁਤ ਸਾਰੀਆਂ ਬਿਮਾਰੀਆਂ ਦੀ ਕਾਰਨ ਇਹੋ ਨੁਕਸਦਾਰ ਖ਼ੁਰਾਕ ਹੈ। ਇਸੇ ਤਰ੍ਹਾਂ ਕਣਕ ਦੇ ਮੁਕਾਬਲੇ ਵਿਚ ਮੱਕੀ ਦੀ ਰੋਟੀ ਕੋਈ ਚੰਗੀ ਖ਼ੁਰਾਕ ਨਹੀਂ। ਬਹੁਤ ਕੁਝ ਜਿਸਦੇ ਨਾਲ ਇਸ ਕੇਂਦਰ ਦੇ ਅਧਿਕਾਰੀਆਂ ਨੇ ਵਿਸ਼ੇਸ਼ ਮੋਹ ਪਰਗਟ ਕੀਤਾ ਹੈ, ਇਹ ਸਾਡੀ ਗ਼ਰੀਬੀ ਤੇ ਗ਼ੈਰ-ਵਿਗਿਆਨਿਕ ਜਿਊਣ ਢੰਗ ਦੇ ਚਿੰਨ੍ਹ ਹਨ। ਕਸ਼ਮੀਰੀ ਕਾਹਵਾ ਵੀ, ਜਿਸ ਵਿਚ ਦੁੱਧ ਦੀ ਥਾਂ ਜੜੀ ਬੂਟੀਆਂ ਦੀ ਵਰਤੋਂ ਕੀਤੀ ਜਾਂਦੀ ਹੈ, ਉਥੋਂ ਦੇ ਲੋਕਾਂ ਦੀ ਗ਼ਰੀਬੀ ਦਾ ਹੀ ਚਿੰਨ੍ਹ ਹੈ। ਮਿੱਟੀ ਦੀਆਂ ਕੰਧਾਂ ਤੇ ਮੋਰੇ ਬਨਾਉਣ ਦੀ ਕਲਾ ਨੂੰ ਵਡਿਆਉਣ ਦਾ ਵੀ ਇਹੀ ਮੰਤਵ ਹੈ ਕਿ ਤੁਸੀਂ ਪਿੰਡ ਦੇ ਲੋਕੋ ਮਿੱਟੀ ਦੇ ਘਰਾਂ ਵਿਚ ਰਹਿੰਦੇ ਹੀ ਸੋਂਹਦੇ ਹੋ, ਤੁਸੀਂ ਸੀਮੇਂਟ ਕੰਕਰੀਟ ਦੀਆਂ ਡੀਜ਼ਾਇਨਦਾਰ ਕੋਠੀਆਂ ਬੰਗਲਿਆਂ ਦੀ ਤਮੰਨਾ ਨਾ ਕਰੋ, ਇਹ ਸਾਡੇ ਲਈ ਹੀ ਰਾਖਵੀਆਂ ਰਹਿਣ ਦਿਓ। ਤੁਸੀਂ ਪਿੰਡਾਂ ਦੀ ਖੁੱਲ੍ਹੀ ਹਵਾ ਵਿਚ ਪਏ ਰਹਿੰਦੇ ਹੋ, ਚੰਡੀਗੜ੍ਹ ਵਰਗੀ ਥਾਂ ਦਾ ਖਿਆਲ ਆਪਣੀ ਕਲਪਨਾ ਵਿਚ ਨਾ ਲਿਆਓ। ਪਰ ਸੱਚਾਈ ਇਹ ਹੈ ਕਿ ਘੱਟੇ ਮਿੱਟੀ ਕਰਕੇ ਅਤੇ ਪਰਾਲੀ ਦੇ ਸੜਨ ਕਰਕੇ ਜਾਂ ਰੂੜੀਆਂ ਦੇ ਖੁੱਲ੍ਹੇ ਢੇਰ ਤੇ ਹੋਰ ਜੋ ਵੀ ਪਿੰਡਾਂ ਦੇ ਵਾਤਾਵਰਨ ਨੂੰ ਪਲੀਤ ਕਰ ਰਿਹਾ ਹੈ,ਉਹਦੇ ਮੁਕਾਬਲੇ ਵਿਚ ਵਿਗਿਆਨਿਕ ਲੀਹਾਂ ਤੇ ਉਸਾਰਿਆ ਚੰਡੀਗੜ੍ਹ ਸ਼ਹਿਰ ਦਾ ਵਾਤਾਵਰਨ ਬਹੁਤ ਹੀ ਖ਼ੁਸ਼ਗਵਾਰ ਤੇ ਸਿਹਤ ਲਈ ਠੀਕ ਹੈ, ਕਿਉਂਕਿ ਇਹ ਸ਼ਹਿਰ ਉਸਾਰਨ ਵੇਲੇ ਬੜੇ ਵਿਗਿਆਨਿਕ ਢੰਗ ਨਾਲ ਹਿਸਾਬ ਲਗਾਏ ਸਨ ਕਿ ਕਿਹੜੀ ਕਿਹੜੀ ਥਾਂ ਤੇ ਆਬਾਦੀ ਹੋਣੀ ਚਾਹੀਦੀ ਹੈ ਤੇ ਕਿੰਨੀ ਥਾਂ ਪਾਰਕਾਂ, ਫੁੱਲਾਂ ਤੇ ਦਰਖਤਾਂ ਲਈ ਰਾਖਵੀਂ ਰੱਖਣੀ ਹੈ। ਇਹ ਗਿਆਨ ਅੱਜ ਦੀ ਆਰਕੀਟੈਕਟ ਦੀ ਸਾਇੰਸ ਦਾ ਹਿੱਸਾ ਹੈ। ਇਹ ਵੱਡੇ ਲੋਕਾਂ ਦੀ ਸਾਜ਼ਿਸ਼ ਹੈ ਕਿ ਉਹ ਆਪ ਤਾਂ ਆਧੁਨਿਕਤਾ ਦੀਆਂ ਸਾਰੀਆਂ ਸਹੂਲਤਾਂ ਨੂੰ ਮਾਨਣਾ ਚਾਹੁੰਦੇ ਹਨ ਪਰ ਸਾਨੂੰ 'ਪਰੰਪਰਾ ਨੂੰ ਸਾਂਭਣ' ਦੇ ਨਾਂ ਥੱਲੇ ਹਨੇਰੇ ਵਿਚ ਹੀ ਰੱਖਣਾ ਚਾਹੁੰਦੇ ਹਨ। ਇਹ ਉੱਤਰੀ ਭਾਰਤ ਦਾ ਕਲਚਰਲ ਕੇਂਦਰ ਸਿਵਾਏ ਹਨੇਰੇ ਨੂੰ ਸਾਂਭਣ ਦੇ ਇਕ ਨਵੇਂ ਉਪਰਾਲੇ ਤੋਂ ਹੋਰ ਕੁਝ ਨਹੀਂ।

—ਗੁਰਸ਼ਰਨ ਸਿੰਘ

---

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ, ਕੈਲਾਸ਼ ਕੌਰ—ਗੁਰਸ਼ਰਨ ਸਿੰਘ ਨੇ, ਹਰਮੁੱਖ ਪ੍ਰਿੰਟਰਜ਼, 23-ਮਹਾਂ ਸਿੰਘ ਗੇਟ ਮਾਰਕੀਟ, ਅੰਮ੍ਰਿਤਸਰ ਤੋਂ ਛਪਵਾਇਆ ਅਤੇ ਗੁਰੂ ਖਾਲਸਾ ਨਿਵਾਸ, ਡਾਕਖ਼ਾਨਾ ਖਾਲਸਾ ਕਾਲਜ, ਅੰਮ੍ਰਿਤਸਰ-143002 ਤੋਂ ਪ੍ਰਕਾਸ਼ਿਤ ਕੀਤਾ।

ਵਾਰਸ਼ਿਕ ਚੰਦਾ 15 ਰੁਪਏ, ਵਿਦੇਸ਼ ਹਵਾਈ ਡਾਕ ਰਾਹੀਂ 120 ਰੁਪਏ

# ਇਕ ਗੀਤ ਤੇ ਦੋ ਕਵਿਤਾਵਾਂ/ਰਣਧੀਰ ਸਿੰਘ

ਰਣਧੀਰ ਸਿੰਘ ਦਿੱਲੀ ਯੂਨੀਵਰਸਟੀ ਵਿਚ ਪੁਲੀਟੀਕਲ ਸਾਇੰਸ ਦੇ ਅਧਿਆਪਕ ਹਨ। ਮਾਰਕਸਿਜ਼ਮ ਉਹਨਾਂ ਦਾ ਵਿਸ਼ੇਸ਼ ਅਧਿਅਨ ਖੇਤਰ ਹੈ। ਇਹ ਗੀਤ ਤੇ ਕਵਿਤਾਵਾਂ ਉਹਨਾਂ ਦੀ ਕਾਵਿ ਪੁਸਤਕ 'ਰਾਹਾਂ ਦੀ ਧੂੜ' ਵਿਚੋਂ ਲਈਆਂ ਗਈਆਂ ਹਨ, ਜੋ ਸਾਡਾ ਜੁਗ ਪਬਲਿਸ਼ਰਜ਼ ਵਲੋਂ ਪਹਿਲੀ ਵਾਰੀ ਅਪ੍ਰੈਲ 1950 ਵਿਚ ਛਾਪੀ ਗਈ ਸੀ। ਸੰਪਾਦਕ

## ਇਕ ਗੀਤ

ਨੀ ਕਲੀਓ ਮੁਸਕਾਵੋ,
ਰੋ ਰੋ ਅੱਗੇ ਧਰਤੀ ਸਿਜੀ
ਪਲ ਦੇ ਪਲ ਹੀ ਖਿੜ ਹੱਸੋ
ਤੇ ਹਸਣਾ ਇਹਨੂੰ ਸਿਖਾਵੋ,

ਵਗੋ ਪੁਰੇ ਦੀਓ 'ਵਾਵੋ,
ਟਿਮ ਟਿਮ ਦੀਵੇ ਬਲੇ ਰਹਿਣਗੇ
ਪੀੜ-ਵਿਗੁਤੀਆਂ ਸੁੱਤੀਆਂ ਬੁੱਲ੍ਹੀਆਂ
ਚੁੰਮ ਚੁੰਮ ਲੰਘ ਜਾਵੋ,

ਗਾਵੋ ਨੀ ਕੋਈ ਗਾਵੋ,
ਹੰਝੂਆਂ ਚੋਂ ਸੁਹਣੇਰੇ ਜਾਪਣ
ਇਹ ਧਰਤੀ ਤੇ ਵਾਰਸ ਇਹਦੇ
ਗੀਤ ਇਹਨਾਂ ਦੇ ਗਾਵੋ,

ਆਵੋ ਨੀ ਕੋਈ ਆਵੋ,
ਸੁਪਨੇ ਰੋਲ ਅਸੀਂ ਟੁਰ ਚੱਲੇ
ਪੀੜਾਂ ਸਾਂਭਦੇ ਵੀ ਖੁਸ਼ ਚੱਲੇ,
ਪੈਂਡਾ ਆਣ ਵੰਡਾਵੋ।

o

## ਅਸੀਂ ਖੜੇ ਹਾਂ ਸਾਥੀ

ਢਹਿ ਰਹੀ ਇਕ ਦੁਆਲੇ ਦੁਨੀਆ
ਚੜ੍ਹੀਆਂ ਫੁੱਟ ਦੀਆਂ ਕਾਂਗਾਂ ਘੋਰ,
ਤੀਲ੍ਹਿਆਂ ਨੂੰ ਹਥ ਪਾਂਦੇ ਪਾਂਦੇ
ਬਹੁਤ ਜੋ ਡੁਬਦੇ ਜਾਣ,

ਰੱਤ-ਰੰਗੇ ਪਰਛਾਵੇਂ ਲੰਮੇ
ਭੂਤ, ਭਵਿਖ ਦੋਹਾਂ ਤੇ ਛਾਏ,
ਦਿਲੀਂ ਦਿਮਾਗੀਂ ਲਿਸ਼ਕਣ ਛੁਰੀਆਂ
ਕੋਂਹਦੀਆਂ ਜਾਣ ਇਨਸਾਨ,

ਇਹ ਨਫ਼ਰਤ, ਇਹ ਰੱਤ, ਇਹ ਬਦਲਾ,
ਸਾਡੀ ਭਿਆਨਕ ਹਾਰ:
ਵੈਰੀ ਜਦ ਮੁਨਸਫ਼ ਬਣ ਛੁਰੀਆਂ
ਵੀਰਾਂ ਹੱਥ ਫੜਾਣ,

ਆਗੂ ਦੀ ਅਗਵਾਈ ਡੁੱਬੀ
ਪੈਰੋਕਾਰ ਦੀ ਵਗਦੀ ਰੱਤ ਵਿਚ,
ਸੁਪਨੇ ਕੱਲ ਦੀ ਆਜ਼ਾਦੀ ਦੇ
ਅੱਜੋ ਕਹਾਣੀ ਹੁੰਦੇ ਜਾਣ,

ਅਸੀਂ ਖੜ੍ਹੇ ਪਰ, ਤੇ ਲੱਖ ਹੋਰ
ਪੈਲੀਆਂ ਤੇ ਕਾਰਖ਼ਾਨਿਆਂ ਵਿਚੋਂ
ਅਨਜਾਤੇ ਅਨਸਿੰਞਾਤੇ ਵੀਰ
ਸਫ਼ਾਂ ਬੰਨ੍ਹਦੇ ਉਠਦੇ ਆਣ,

ਉਠਦੇ ਆਣ ਚਟਾਨਾਂ ਵਾਂਗੂੰ,
ਹਿੱਕੀਂ ਜਿਨ੍ਹਾਂ ਦੇ ਮਿਹਨਤ ਧੜਕੇ
ਨੈਣੀਂ ਮਘ ਰਹੀ ਜੋਤ ਰਾਹਾਂ ਦੀ—
ਉਠਦੇ ਆਣ ਤੇ ਵਧਦੇ ਜਾਣ,

ਸਾਡਾ ਹੀ ਅੱਜ ਵਿਰਸਾ ਹੈ ਕਿ
ਖੰਡਰ ਲੰਘ ਭਵਿਖ ਅਪਣਾਈਏ
ਸਾਡੀਆਂ ਹੀ ਪੈੜਾਂ ਚੋਂ ਕਲ੍ਹ ਦੇ
ਨਕਸ਼ ਨਿਖਰਦੇ ਆਣ—

ਅਸੀਂ ਖੜੇ ਹਾਂ, ਸਾਥੀ—
ਤੀਲ੍ਹਿਆਂ ਨੂੰ ਹਥ ਪਾਂਦੇ ਭਾਵੇਂ
ਬਹੁਤ ਜੋ ਡੁਬਦੇ ਜਾਣ...

o

## ਰਾਹਾਂ ਦੀ ਕਹਾਣੀ

ਅਸੀਂ ਮਨੁੱਖ,
ਬੇ-ਰੋਜ਼ਗਾਰ
ਬੇ-ਪਿਆਰ
ਬੇ-ਹਥਿਆਰ
ਉਠ ਰਹੇ ਹਾਂ ਅਪਣਿਆਂ ਪੈਰਾਂ ਉਤੇ

ਅਸਾਂ ਮੁੜ ਮੁੜ ਛੁਹੀ ਜ਼ਮੀਨ,
ਚੁੱਪ ਤੇ ਗ਼ਮਗੀਨ
ਜਬਰ ਜੁਗਾਂ ਦੇ ਥੱਲੇ—ਐਪਰ
ਮੋੜਿਆ ਨਾ ਮੂੰਹ ਉਹਨੇ;
ਅਸਾਂ ਚੁੰਮੇ ਪ੍ਰੇਮਕਾਵਾਂ ਦੇ ਮੱਥੇ,

ਨਿਖਰੇ ਪਹੁਫੁਟਾਲੇ ਵਾਂਗ—
ਪਰ ਪਰਛਾਵੇਂ ਚੜ੍ਹਦੇ ਹੀ ਆਏ
ਪਿਆਰ ਨੇ ਨਫ਼ਰਤ ਮੰਗੀ

ਅਸਾਂ ਰੱਜ ਰੁੱਜ ਗਾਹੀਆਂ ਪਟੜੀਆਂ
ਬੇ-ਤਰਸ, ਬੇ-ਦਿਲ, ਬੇ-ਆਸ—
'ਵਾਵਾਂ ਵਿਚ ਸੀ ਮੁਸ਼ਕ ਖ਼ੂਨ ਦੀ,
ਪੱਥਰਾਂ ਵਿਚ ਭੁੱਖਾਂ ਦਾ ਸੁਆਦ,

ਪਰਤ ਆਏ ਅਸੀਂ
ਘੁੱਟੇ ਹੌਕੇ ਵਾਂਗ

ਅਸੀਂ ਲੀਡਰ ਦੇ ਦਰ ਪੁੱਜੇ,
ਬਿਆਨੇ, ਸਕੀਮਾਂ, ਵਹਿਦੇ, ਕਾਂਗੜੇ
ਰੰਗੇ ਢੇਰ ਲਾ ਉਹਨੇ ਆਖਿਆ,
'ਜਾਓ, ਜੀਓ ਇਹਨਾਂ ਤੇ !"

ਅਸੀਂ ਹਾਕਮ ਦੇ ਦਰ ਪੁੱਜੇ,
ਆਪਣੇ ਪਰਜਾ-ਰਾਜ ਦੇ ਮੋਢਿਆਂ
ਉਤੇ ਰੱਖ ਬੰਦੂਕਾਂ ਉਸ ਵੀ
ਦਿੱਤਾ ਦਾਗ਼ ਜਵਾਬ,

ਅਸੀਂ ਪਰਤ ਆਏ ਲੋਕਾਂ ਵੱਲੋਂ,
ਮੁਕ ਚੁੱਕੇ ਸਨ ਬੱਚਿਆਂ ਦੇ ਔਥਰੂ
ਸੱਦ ਰਹੇ ਇਤਹਾਸ ਵਿਚੋਂ ਸੀ
ਕਈ ਇਸ਼ਾਰੇ ਲਾਲ,

ਅਸੀਂ ਉਠ ਟੁਰੇ
ਹਥਿਆਰਾਂ ਦੀ ਕਰਦੇ ਭਾਲ

ਅਸੀਂ ਮਨੁੱਖ,
ਬੇ-ਰੋਜ਼ਗਾਰ
ਬੇ-ਪਿਆਰ
ਬੇ-ਹਥਿਆਰ
ਉਠ ਰਹੇ ਹਾਂ ਅਪਣਿਆਂ ਪੈਰਾਂ ਉਤੇ—

o

## ਸੰਗੀ ਸਾਥੀ

### ਦਰਸ਼ਨ ਖਟਕੜ

ਗੋਬਿੰਦ ਸਿੰਘ ਬਾਪਣਾ ਦੇ
ਕੱਚੀ ਗੜ੍ਹੀ ਚਮਕੌਰ ਨੂੰ ਜਾਣ ਦੀ ਹਿੰਮਤ ਵੀ
ਸਾਡੀ ਇਹ ਮਿੱਟੀ ਇਕ ਵਰਦਾਨ ਮੰਗਦੀ ਹੈ—
ਕਿ ਤੂੰ ਸਾਡੇ ਵਿਚ ਸਲਾਮਤ ਰਹੇਂ...

ਯਾਰ ਸਾਡੇ ਦੀਪ ਸਿੰਘ
ਆਪਣਾ ਕੁਝ ਵੰਡਿਆ ਨਹੀਂ
ਜਾਚ ਤਾਂ ਦੱਸ ਸਿਰ ਤਲੀ ਤੇ ਕਿਵੇਂ ਟਿਕਦਾ ਹੈ ?

ਇਹ ਸ਼ਹਿਰ ਤੇਰੀ ਸ਼ਹੀਦੀ ਦਾ,
ਇੱਸ਼ਕ ਸਾਡੇ ਦੀ ਵੀ ਪਹਿਲੀ ਪੜਾਅ
ਪਤਾ ਨਹੀਂ ? ਕਿ ਇਸ ਨਗਰ ਵਿਚ
ਚਲੈਂਦੀ ਚੋਰਖੜੀ ਤੇ ਚੋਲ ਰਿਹਾ ਸਾਰਾ—
'ਇੰਟੈਰੋਗੇਸ਼ਨ ਸੈਂਟਰ' ਦਾ ਜ਼ੁਲਮ
ਬਹੁਤ ਸੰਭਾਲ ਹੇਠਾਂ ਜੀਅ ਰਹੇ ਨੇ
ਪਤਾ ਹੈ ?ਕਿ ਹੈਜ਼ੇ ਦੇ ਜਰਮ ਉੱਥੇ ਖੁਆਏ ਜਾਣਗੇ
ਤਾਂ ਜੋ ਸਾਨੂੰ ਆਣ ਕੋਆਂ
ਅਸੀਂ ਮਲ ਵਿਚ ਭ੍ਰਿਸ਼ਟ ਹੋ ਜਾਂਏਏ—
'ਕੋੜ ਦੀ ਪ੍ਰਦਰਸ਼ਨੀ' ਸਾਡਾ ਤਨ ਹੋ ਨਿਬੜੇ

ਪਰ ਅਸਾਂ ਸਿਰ ਨਿਵਾ ਕੇ
ਗੰਦਗੀ ਵਿਚ ਰੀਂਗਦੀ ਜ਼ਿੰਦਗੀ ਨਹੀਂ ਮੰਗਣੀ !
ਸਿਰ ਉਠਾਕੇ ਬਿਜਲੀਆਂ ਨੂੰ ਅੱਖ ਮਾਰਾਂਗੇ
ਬੰਦਿਆਂ ਅਤੇ ਭਾਈਚਾਰਿਆਂ ਦੇ ਰੌਂ ਹੀ ਹੁੰਦੇ ਨੇ...

ਦਿਹਨਾਂ ਬਾਵਾਂ ਦੇ ਬੰਦ ਕਮਰਿਆਂ ਦੇ ਜਰਮ
ਸਾਡੇ 'ਤੇ ਬੇਅਸਰ ਹਨ
ਅਥਾਹ ਜਿਹੀ ਤਾਕਤ ਅੰਦਰੋਂ ਉਮੜਦੀ ਹੈ
ਸੰਗੀ-ਸਾਥੀ ਕੋਲ ਢੁੱਕਦੇ ਹਨ

ਇਕ ਖੂੰਜੇ
ਸਰਦ ਰੁੱਤੇ ਬਰਫ਼ ਉੱਪਰ
'ਭਗਤ' ਦਾ ਤਨ ਮੁਸਕਰਾਉਂਦਾ ਹੈ...
ਅਹੁ ਪਰੇ
ਤੁਰਕੀ ਦਾ ਪੁੱਤ, 'ਨਾਜ਼ਮ ਹਿਕਮਤ' ਆ ਕੇ ਬਹਿੰਦਾ ਹੈ...

ਕਾਲੀ ਬੋਲੀ ਸਹਿਕਦੀ ਇਸ ਰਾਤ 'ਤੇ
'ਫ਼ੈਜ਼' ਮੁਸਕਰਾਉਂਦਾ, ਆਪਣਾ ਸ਼ਿਅਰ ਕਹਿੰਦਾ ਹੈ :
"ਚੰਦ ਰੋਜ਼ ਔਰ ਮੇਰੀ ਜਾਨ
ਫਕਤ ਚੰਦ ਹੀ ਰੋਜ਼ !"

o

## ਮਕਤਲ ਮੇਰਾ ਘਰ

### ਜੋਗਾ ਸਿੰਘ

ਹਰ ਬੋਲਿਆ ਸ਼ਬਦ ਪਾਪ ਹੈ, ਪਤਾ ਹੈ
ਪਰ ਉਸ ਬੋਲ ਨੂੰ ਕੀ ਆਖੋਗੇ
ਜੋ ਅਲੂਆਂ ਹੈ ਤੇ ਅੱਖਾਂ 'ਚ ਬੋਲਦਾ ਹੈ !

ਮੈਨੂੰ ਉਸ ਸੁਲਘਦੇ ਬੋਲ ਨੂੰ
ਜਨਮ ਦੇਣ ਦੀ ਸਜ਼ਾ ਵੀ ਯਾਦ ਹੈ—
ਮੇਰੇ ਸਾਹਵੇਂ, ਇਸ ਨੂੰ ਕਿਸੇ ਕੰਧ ਵਿੱਚ
ਜਿਉਂਦਿਆਂ ਚਿਣ ਦਿੱਤਾ ਜਾਣਾ ਹੈ...

ਤੇ ਜਾਂ ਫਿਰ ਇਸ ਦਾ ਹਰ ਅੰਗ
ਸ਼ਹਿਰ ਦੇ ਹਰ ਦਰਵਾਜ਼ੇ ਤੇ ਟੰਗ ਦਿੱਤਾ ਜਾਣਾ ਹੈ !
ਤੇ ਇਸ ਦਾ ਹਸ਼ਰ ਨਸ਼ਰ ਕਰ ਦਿੱਤਾ ਜਾਣਾ ਹੈ !

ਮੈਨੂੰ ਕੀ ਦਸਦੇ ਹੋ ?
ਮੈਂ ਬੋਲਾਂ ਨੂੰ ਥਲਾਂ ਵਿਚ ਭੁੰਜਦੇ ਵੀ ਤੱਕਿਆ ਹੈ,
ਬਰਫ਼ਾਂ 'ਚ ਜੰਮਦੇ ਵੀ—
ਤੇ ਰੁੱਖਾਂ ਦੀਆਂ ਸੂਲੀਆਂ ਤੇ ਲਟਕਦੇ ਵੀ
ਪਰ ਇਹ ਜਿਸ ਥੱਲ 'ਚ ਭੁੱਜੇ ਨੇ,
ਉਹ ਅੱਗ ਹੋ ਤੁਰਿਆ ਹੈ
ਬਰਫ਼ ਐਵਲਾਂਸ਼ ਬਣ ਗਈਆਂ ਹੈ ਤੇ ਜੰਗਲ ਦੇ ਸਾਰੇ ਰੁੱਖ
ਸ਼ਹਿਰ ਦੇ ਦਰਵਾਜ਼ਿਆਂ ਵੱਲ ਨੂੰ ਤੁਰ ਆਏ ਹਨ
ਹਰ ਕੰਧ ਕਰੇੜੀ ਗਈ ਹੈ, ਹਰ ਛੱਤ ਪਾਟ ਗਈ ਹੈ...

ਹਾਂ, ਹਾਂ, ਮੈਂ ਜੋ ਸ਼ਬਦ ਬੋਲੇ ਨੇ, ਪਾਪ ਨੇ
ਤੇ ਜੋ ਨੈਣਾਂ 'ਚ ਸੁਲਘਦੇ ਨੇ, ਮਹਾਂ ਪਾਪ !
ਮੇਰੇ ਸੋਹਵੇਂ ਮੇਰੇ ਬੋਲਾਂ ਨੂੰ
ਨੇਜ਼ੇ ਤੇ ਉਛਾਲਣ ਦੀ ਖੇਡ ਖੇਡੋ
ਮੈਂ ਜੋ ਬੋਲਾਂ ਨੂੰ ਜਨਮ ਦੇ ਸਕਦਾ ਹਾਂ
ਕਤਲ ਵੀ ਤੱਕ ਸਕਦਾ ਹਾਂ

ਮਕਤਲ ਵਿਚ ਮੈਂ ਕੋਈ ਨਵਾਂ ਨਹੀਂ ਆਇਆ
o

## ਸ਼ਾਮ ਦਾ ਰੰਗ

### ਲਾਲ ਸਿੰਘ ਦਿਲ

ਸ਼ਾਮ ਦਾ ਰੰਗ ਫਿਰ ਪੁਰਾਣਾ ਹੈ
ਜਾ ਰਹੇ ਨੇ ਬਸਤੀਆਂ ਨੂੰ ਫੁਟਪਾਥ
ਜਾ ਰਹੀ ਹੈ ਝੀਲ ਕੋਈ ਦਫ਼ਤਰੋਂ
ਨੌਕਰੀ ਤੋਂ ਲੈ ਜਵਾਬ
ਪੀ ਰਹੀ ਏ ਝੀਲ ਕੋਈ ਜਲ ਦੀ ਪਿਆਸ
ਤੁਰ ਪਿਆ ਏ ਸ਼ਹਿਰੋਂ ਕੁਝ ਪਿੰਡਾਂ ਦੇ ਰਾਹ
ਸੁੱਟ ਕੇ ਕੋਈ ਜਾ ਰਿਹਾ ਸਾਰੀ ਕਮਾਈ
ਪੂੰਝਦਾ ਕੋਈ ਆ ਰਿਹਾ ਧੋਤੀ ਦੇ ਨਾਲ
ਕਮਜ਼ੋਰ ਪਸ਼ੂਆਂ ਦੇ ਪਿੰਡੇ ਤੋਂ ਆਰਾਂ ਦਾ ਖ਼ੂਨ
ਸ਼ਾਮ ਦਾ ਰੰਗ ਫਿਰ ਪੁਰਾਣਾ ਹੈ...

ਛੱਡ ਤੁਰੇ ਹਨ
ਇਕ ਹੋਰ ਗ਼ੈਰਾਂ ਦੀ ਜ਼ਮੀਨ
ਛੱਜਾਂ ਵਾਲੇ
ਜਾ ਰਿਹਾ ਏ ਲੰਮਾ ਲਾਰਾ

ਝਿੜਕਾਂ ਦੇ ਭੰਡਾਰ ਲੱਦੀ
ਲੰਮੇ ਸਾਇਆਂ ਦੇ ਨਾਲ ਨਾਲ
ਗਧਿਆਂ ਤੇ ਬੈਠੇ ਨੇ ਜੁਆਕ
ਪਿਉਆਂ ਦੇ ਹੱਥਾਂ 'ਚ ਕੁੱਤੇ ਹਨ
ਮਾਵਾਂ ਦੀ ਪਿੱਠ ਪਿਛੇ
ਬੰਨ੍ਹੇ ਪਤੀਲੇ ਹਨ
ਪਤੀਲਿਆਂ 'ਚ ਮਾਵਾਂ ਦੇ ਪੁੱਤ ਸੁੱਤੇ ਹਨ
ਜਾਂ ਰਿਹਾ ਏ ਲੰਮਾ ਲਾਰਾ
ਮੋਢਿਆਂ ਤੇ ਚੁੱਕੀ ਕੁੱਲੀਆਂ ਦੇ ਬਾਂਸ

ਇਹ ਭੁੱਖਾਂ ਦੇ ਮਾਰੇ ਕੌਣ ਆਰੀਆ ਹਨ ?
ਇਹ ਜਾ ਰਹੇ ਨੇ ਰੋਕਣ
ਕਿਸ ਭਾਰਤ ਦੀ ਜ਼ਮੀਨ ?
ਨੌਜੁਆਨਾਂ ਨੂੰ ਕੁੱਤੇ ਪਿਆਰੇ ਹਨ
ਉਹ ਕਿੱਥੇ ਪਾਲਣ
ਮਹਿਲਾਂ ਦੇ ਚਿਹਰਿਆਂ ਦਾ ਪਿਆਰ ?
ਉਹ ਭੁੱਖਾਂ ਦੇ ਸ਼ਿਕਾਰ, ਛੱਡ ਤੁਰੇ ਹਨ
ਇਕ ਹੋਰ ਗ਼ੈਰਾਂ ਦੀ ਜ਼ਮੀਨ
ਜਾ ਰਿਹਾ ਏ ਲੰਮਾ ਲਾਰਾ

ਇਨ੍ਹਾਂ ਨੂੰ ਕੀ ਪਤਾ ਹੈ ?
ਕਿੰਨੇ ਕੁ ਬੰਨ੍ਹੇ ਕੀਲਿਆਂ ਦੇ ਨਾਲ
ਜਾਲੇ ਜਾਂਦੇ ਨੇ ਰੋਜ਼ ਲੋਕ
ਜੋ ਛੱਡ ਵੀ ਸਕਦੇ ਨਹੀਂ
ਬਸਤੀਆਂ ਨੂੰ ਕਿਸੇ ਰੋਜ਼
ਜਾ ਰਿਹਾ ਏ ਨਾਲ ਨਾਲ
ਬਸਤੀ ਦੇ ਰੁੱਖਾਂ ਦਾ ਸਾਇਆ
ਫੜ ਰਿਹਾ ਏ ਓਦਰੇ ਪਸ਼ੂਆਂ ਦੇ ਪੈਰ
ਓਦਰੇ ਪਿਆਰਾਂ ਦੇ ਪੈਰ,
ਜਾ ਰਿਹਾ ਏ ਲੰਮਾ ਲਾਰਾ...

ਜਾ ਰਿਹਾ ਏ ਲੰਮਾ ਲਾਰਾ
ਹਰ ਜਗ੍ਹਾ
ਜਾ ਰਹੇ ਨੇ ਬੀਰ ਧਰਤੀ ਦੇ ਕਿਸਾਨ
ਮੋਢਿਆਂ ਤੇ ਬਰਛਿਆਂ ਦਾ ਭਾਰ ਲਈ
ਜੰਗਲੀ ਰਾਹਾਂ ਦੇ ਨਾਲ
ਕਤਲ ਹੋਏ ਕੱਲ੍ਹ ਖੇਤਾਂ ਦੇ ਪਿਆਰ
ਕੁੱਲੀਆਂ ਤੋਂ ਉੱਠੀ ਕਲ੍ਹ ਅੱਗਾਂ ਦੀ ਲਾਟ
ਜਾ ਰਿਹਾ ਏ ਲੰਮਾ ਲਾਰਾ।

o

## ਅਲਵਿਦਾ–ਵਿਛੜਨ ਦੇ ਪਲ 'ਤੇ

### ਅਗਸਟੀਨੋ ਨੇਤੋ (ਅੰਗੋਲਾ)

ਮੇਰੀ ਮਾਂ !
(ਓ ਕਾਲੀ ਮਾਤਾਓ ਜਿਨ੍ਹਾਂ ਦੇ ਬੱਚੇ ਵਿਛੜ ਗਏ ਹਨ)
ਤੂੰ ਮੈਨੂੰ ਉਡੀਕ ਤੇ ਆਸ ਦੀ ਸਿਖਿਆ ਦਿੱਤੀ
ਜਿਵੇਂ ਅਕਸਰ ਔਖੀਆਂ ਘੜੀਆਂ ਵਿਚ
ਤੂੰ ਦਿਆ ਕਰਦੀ ਸੈਂ !
ਪਰ ਮੇਰੇ ਵਿਚੋਂ
ਜ਼ਿੰਦਗੀ ਨੇ ਉਹ ਗੁੱਝੀ ਆਸ ਨੂੰ ਮਾਰ ਦਿੱਤਾ ਹੈ।
ਮੈਂ ਉਡੀਕ ਨਹੀਂ ਸਕਦਾ
ਹੁਣ ਤਾਂ ਮੇਰੀ ਉਡੀਕ ਕੀਤੀ ਜਾਂਦੀ ਹੈ।

ਆਸ਼ਾ ਤਾਂ ਅਸੀਂ ਬਣਦੇ ਹਾਂ—
ਤੇਰੇ ਬੱਚੇ
ਜੋ ਵਿਸ਼ਵਾਸ ਵੱਲ ਸਫ਼ਰ ਕਰਦੇ ਹਾਂ
ਜੋ ਜ਼ਿੰਦਗੀ ਨੂੰ ਜਿਊਂਦਿਆਂ ਰੱਖਦੀ ਹੈ।

ਅਸੀਂ ਝਾੜੀਆਂ 'ਚ ਪਲੇ ਨੰਗੇ-ਬੱਚੇ
ਜਿਨ੍ਹਾਂ ਨੂੰ ਸਕੂਲ ਨਾ ਮਿਲਿਆ
ਜੋ ਲੀਰਾਂ ਦੀ ਖਿੱਦੋ ਨਾਲ ਖੇਲਦੇ ਹਾਂ
ਦੁਪਹਿਰੇ ਮੈਦਾਨਾਂ ਵਿਚ
ਅਸੀਂ, ਜਿਨ੍ਹਾਂ ਨੂੰ ਕਾਫ਼ੀ ਦੇ ਬਾਗ਼ਾਂ ਵਿਚ
ਕੰਮ ਤੇ ਲਾਇਆ ਜਾਂਦਾ ਹੈ
ਤਾ ਕਿ ਅਸੀਂ ਆਪਣੀ ਜ਼ਿੰਦਗੀ ਨੂੰ ਜਾਲ ਸਕੀਏ
ਅਨਪੜ੍ਹ ਕਾਲੇ ਆਦਮੀ
ਜਿਨ੍ਹਾਂ ਨੂੰ ਚਿੱਟੇ ਲੋਕਾਂ ਦੀ ਇਜ਼ਤ
ਕਰਨੀ ਦੱਸੀਂ ਜਾਂਦੀ ਹੈ
ਤੇ ਅਮੀਰਾਂ ਤੋਂ ਡਰਨਾ !

ਅਸੀਂ ਇਸ ਧਰਤੀ ਦੇ ਬੱਚੇ ਹਾਂ
ਜਿਥੇ ਕਦੇ ਬਿਜਲੀ ਨਹੀਂ ਪਹੁੰਚਦੀ
ਆਦਮੀ ਸ਼ਰਾਬੀ ਹੋ ਕੇ ਮਰਦੇ ਹਨ
ਤੇ ਮੌਤ ਨਾਲ ਤਾਲ ਮਿਲਾਉਣ ਲਈ
ਛੱਡ ਦਿੱਤੇ ਜਾਂਦੇ ਹਨ।

ਤੇਰੇ ਬੱਚੇ ਭੁੱਖੇ ਤੇ ਤ੍ਰਿਹਾਏ !
ਜਿਨ੍ਹਾਂ ਨੂੰ ਤੈਨੂੰ ਮਾਂ ਕਹਿੰਦਿਆਂ ਵੀ ਸ਼ਰਮ ਆਉਂਦੀ ਹੈ
ਜਿਨ੍ਹਾਂ ਨੂੰ ਗਲੀਆਂ ਤੋਂ ਪਾਰ ਲੰਘਦਿਆਂ ਵੀ ਡਰ ਆਉਂਦਾ ਹੈ
ਜਿਨ੍ਹਾਂ ਨੂੰ ਆਦਮੀਆਂ ਤੋਂ ਭੈਅ ਆਉਂਦਾ ਹੈ

ਇਹ ਅਸੀਂ ਹਾਂ
ਜ਼ਿੰਦਗੀ 'ਚ ਆਸ ਫਿਰ ਵੀ ਧੜਕਦੀ ਹੈ।

o

## ਹਥਿਆਰ o ਇਕਬਾਲ ਅਰਪਨ (ਜ਼ਿੰਬਾਬਵੇ)

(ਦੱਖਣੀ ਅਫ਼ਰੀਕਾ ਦੀ ਜੇਲ੍ਹ 'ਚੋਂ ਕਾਲੇ ਰੰਗ ਦੇ ਸਿਆਸੀ ਕੈਦੀ ਦੀ ਆਵਾਜ਼)

ਕਿੰਨੇ ਖੁਸ਼ਕਿਸਮਤ ਨੇ ਦੁਨੀਆਂ ਦੇ ਉਹ ਬੰਦੇ
ਜੋ ਆਜ਼ਾਦ ਹਨ,
ਕਿੰਨੇ ਬਦਕਿਸਮਤ ਨੇ ਉਹ ਬੰਦੇ
ਜੋ ਗੁਲਾਮ ਪੈਦਾ ਹੁੰਦੇ ਹਨ
ਤੇ ਗੁਲਾਮੀ ਦੀਆਂ ਜ਼ੰਜੀਰਾਂ 'ਚ ਹੀ ਦਮ ਤੋੜ ਦਿੰਦੇ ਹਨ।

ਮੇਰਾ ਜਿਸਮ ਕਾਲ ਕੋਠੜੀ ਵਿਚ ਬੰਦ ਹੈ
ਹੈਰਾਨੀ ਦੀ ਗੱਲ ਹੈ ਕਿ
ਉਸ ਤੇ ਵੀ ਸੰਗੀਨਾਂ ਦਾ ਸਖ਼ਤ ਪਹਿਰਾ ਹੈ
ਰਾਤ ਨੂੰ ਜੰਗਲੀ ਬਿੱਲੇ ਤੇ ਭਿਆਨਕ ਕੁੱਤੇ
ਮੇਰੇ ਸੁਆਗਤ ਲਈ ਖੁੱਲ੍ਹੇ ਛੱਡੇ ਜਾਂਦੇ ਹਨ.
ਕਿੰਨ੍ਹਾ ਕਿੰਨ੍ਹਾ ਚਿਰ ਮੈਨੂੰ
ਬਰਫ਼ ਦੀਆਂ ਸਿਲੀਆਂ ਤੇ ਖੜ੍ਹਾ ਕੀਤਾ ਜਾਂਦਾ ਹੈ
ਖੁੱਲ੍ਹੇ-ਆਮ ਮੈਨੂੰ ਕੋਈ ਮਿਲ ਨਹੀਂ ਸਕਦਾ
ਜੋ ਪਹਿਰੇ 'ਚ ਮਿਲ ਸਕਦਾ ਹੈ ਤਾਂ ਕੇਵਲ ਇਕ ਬੰਦਾ
ਉਹ ਵੀ ਮਹੀਨੇ 'ਚ ਇਕ ਵਾਰ
ਤੇ ਦੋਹਾਂ ਦੇ ਵਿਚਕਾਰ ਇਕ ਕੰਡੇਦਾਰ ਤਾਰ
ਜਦੋਂ ਮੇਰੀ ਪਤਨੀ ਮੁਲਾਕਾਤ ਲਈ ਆਉਂਦੀ ਹੈ
ਤਾਂ ਉਹ ਵਿਚਾਰੀ ਕੰਡੇਦਾਰ ਤਾਰ ਦੇ
ਦੂਜੇ ਪਾਸੇ ਖੜ੍ਹੀ ਹੁੰਦੀ ਹੈ

ਸੱਚ ਜਾਣੋਂ ਮੇਰੀ ਰੂਹ ਤੜਪ ਉੱਠਦੀ ਹੈ
ਮੇਰਾ ਬੱਚਾ ਇਕ ਟੱਕ ਮੇਰੇ ਵੱਲ ਦੇਖਦਾ ਹੀ ਰਹਿੰਦਾ ਹੈ
ਜਿਸ ਨੂੰ ਮੈਂ ਪਿਆਰ ਭਰਿਆ ਚੁੰਮਣ ਵੀ ਨਹੀਂ ਦੇ ਸਕਦਾ
ਤੇ ਮੁਲਾਕਾਤ ਦਾ ਸਮਾਂ ਖ਼ਤਮ ਹੋ ਜਾਂਦਾ ਹੈ

ਮੇਰੇ ਕੋਲੋਂ ਸਖ਼ਤ ਜਿਸਮਾਨੀ ਕੰਮ ਲਿਆ ਜਾਂਦਾ ਹੈ
ਕਈ ਵਾਰੀ ਮੇਰੇ ਸਰੀਰ ਤੇ ਏਨਾ ਜ਼ੁਲਮ ਹੁੰਦਾ ਹੈ
ਕਿ ਇਸੇ ਜ਼ੁਲਮ ਦੇ ਕਾਰਨ ਮੇਰੀ ਮੌਤ ਹੋ ਜਾਂਦੀ ਹੈ
ਫਿਰ ਜੇਲ੍ਹ ਦੇ ਅਧਿਕਾਰੀ ਝੂਠੀਆਂ ਖ਼ਬਰਾਂ ਫੈਲਾਂਦੇ ਹਨ
ਕਿ ਉਸ ਨੇ ਖੁਦਕਸ਼ੀ ਕੀਤੀ ਹੈ
ਜੋ ਨਿਰਾ ਝੂਠ ਹੁੰਦੀ ਹੈ।

ਇਕ ਗੱਲ ਮੈਂ ਯਕੀਨ ਨਾਲ ਕਹਿ ਸਕਦਾ ਹਾਂ
ਕਿ ਮੇਰਾ ਜਿਸਮ ਜ਼ਰੂਰ ਕੈਦ ਹੋ ਸਕਦਾ ਹੈ
ਪਰ ਸੋਚ ਕੈਦ ਨਹੀਂ ਹੋ ਸਕਦੀ
ਕੌਣ ਹੈ ਜੋ ਮੇਰੇ ਖ਼ਿਆਲਾਂ ਨੂੰ ਜ਼ੰਜੀਰ ਪਹਿਨਾਵੇਗਾ ?
ਇਸ ਸਮੇਂ ਲੜਾਈ ਦਾ ਸਭ ਤੋਂ ਵੱਡਾ ਹਥਿਆਰ
ਮੇਰੀ ਆਜ਼ਾਦ ਸੋਚ ਹੈ
ਇਸ ਸੋਚ ਨੂੰ ਕੁਝ ਸਮੇਂ ਲਈ ਦਬਾਇਆ ਤਾਂ ਜਾ ਸਕਦਾ ਹੈ
ਇਸੇ ਲਈ ਮੈਂ ਠੋਕ ਵਜਾ ਕੇ ਕਹਿੰਦਾ ਹਾਂ
ਕਿ ਜਿੱਤ ਮੇਰੀ ਹੈ।

o

## ਯੂਨਾਨੀ ਕਵਿਤਾ

**ਯਾਨਿਸ ਰਿਤਰੋਸ**

(ਵਾਪਤਸਰੋਫ਼ ਦੇ ਨਾਂ ਮਹਾਕਾਵਿ ਦੀ ਸ਼ੁਰੂਆਤ)

[ਅਨੁਵਾਦਕੀ : ਨਿਕੋਲਾ ਵਾਪਤਸਰੋਫ਼ ਦੇ ਨਾਂ ਤੋਂ ਸ਼ਾਇਦ ਪੰਜਾਬੀ ਦੀ ਪੰਜਵੀਂ ਪੀੜ੍ਹੀ ਦੇ ਕਵੀ 'ਤੇ ਪਾਠਕ ਜਾਣੂ ਨਹੀਂ। ਅਮ੍ਰਿਤਾ ਪ੍ਰੀਤਮ ਨੇ ਭਲੇ ਵੇਲਿਆਂ 'ਚ ਵਾਪਤਸਰੋਫ਼ ਦੇ ਗੀਤ ਪੰਜਾਬੀ ਵਿਚ ਉਲਥਾਏ ਸਨ, ਜਿਨ੍ਹਾਂ ਦੀ ਕਿਤਾਬ ਨਵਯੁਗ ਨੇ ਛਾਪੀ ਵੀ ਸੀ। ਕਵੀ ਵਾਪਤਸਰੋਫ਼ (ਜਨਮ 1909) ਬਲਗਾਰੀਆਂ ਦੀ ਕਮਿਉਨਿਸਟ ਪਾਰਟੀ ਦੀ ਕੇਂਦਰੀ ਕਮੇਟੀ ਦਾ ਮੈਂਬਰ ਵੀ ਸੀ। ਇਹਨੂੰ ਫ਼ਾਸ਼ਿਸਟਾਂ ਨੇ 32 ਸਾਲਾਂ ਦੀ ਉਮਰੇ ਗੋਲੀ ਮਾਰ ਦਿੱਤੀ ਸੀ। ਇਹਦੇ ਨਾਲ ਗੋਲੀ-ਦਾ ਸ਼ਿਕਾਰ ਹੋਣ ਵਾਲੇ ਪੰਜ ਸਾਥੀ ਵੀ ਸਨ। ਬੰਦੂਕਾਂ ਅੱਗੇ ਖੜ੍ਹਿਆਂ ਵਾਪਤਸਰੋਫ਼ ਨੇ ਅੱਖਾਂ 'ਤੇ ਪੱਟੀ ਬੰਨ੍ਹਣੋਂ ਨਾਂਹ ਕਰ ਦਿੱਤੀ ਸੀ। ਸਾਰੇ ਸਾਥੀ ਮਿਲਕੇ ਬਲਗਾਰੀਆ ਦੇ ਮਹਾਨ ਕਵੀ ਬੋਤੇਫ਼ ਦਾ ਇਹ ਗੀਤ ਗਾਉਂ ਰਹੇ ਸਨ : ਜੋ ਮਰਦਾ ਆਜ਼ਾਦੀ ਲਈ, ਉਹ ਕਦੇ ਵੀ ਮਰਦਾ ਨਹੀਂ......

ਯਾਨਿਸ ਰਿਤਸੋਸ (ਜਨਮ 1909) ਯੂਨਾਨ ਦਾ ਲਾਮਿਸਾਲ ਸਮਕਾਲੀ ਕਵੀ ਹੈ। ਵਾਪਤਸਰੋਫ਼ ਦੇ ਨਾਂ ਰਿਤਸੋਸ ਦੀ ਇਹ ਕਵਿਤਾ ਮੈਂ ਯੂਨੈਸਕੋ ਦੀ ਤਰਫ਼ੋਂ ਛਪੀ ਕਿਤਾਬ 'ਨਾਈਨਟੀਨ ਪੋਇਮਜ਼' (ਪ੍ਰਕਾਸ਼ਕ ਜਰਨੀਮੈਨ, ਲੰਡਨ ਤੇ ਨਿਊਯਾਰਕ, 1984) 'ਚੋਂ ਲਈ ਹੈ।—ਅਮਰਜੀਤ ਚੰਦਨ]

---

ਨਿਕੋਲਾ ਯੋਂਕੋਫ਼ ਵਾਪਤਸਰੋਫ਼
ਮੈਂ ਤੇਰੀਆਂ ਅੱਖਾਂ ਵਿਚ ਦੇਖਣਾ ਚਾਹੁੰਦਾ ਹਾਂ
ਉਵੇਂ ਜਿਵੇਂ ਤੂੰ ਜ਼ਿੰਦਗੀ ਨੂੰ ਦੇਖਦਾ ਹੁੰਦਾ ਸੀ

ਮੈਂ ਤੇਰੇ ਨਾਲ ਭੱਠੀਆਂ ਝੋਂਕਣ ਵਾਲਿਆਂ ਦੀ
ਬੋਲੀ 'ਚ ਗੱਲਾਂ ਕਰਨਾ ਚਾਹੁੰਦਾਂ
ਜੋ ਕਦੇ ਹੜਤਾਲਾਂ ਕਰਦੇ ਹੁੰਦੇ ਸਨ
ਤੇ ਹੁਣ ਆਪਣੇ ਕੰਮ ਦਾ ਲੇਖਾ ਜੋਖਾ ਕਰ ਰਹੇ ਹਨ :
ਮਜ਼ਬੂਤ ਲਫ਼ਜ਼ ਜਿਨ੍ਹਾਂ 'ਚ ਕੋਈ ਬਣਾਵਟ ਨਹੀਂ
ਕਾਲਖ਼-ਲੱਦੇ ਲਫ਼ਜ਼
ਕੋਇਲਾ ਖਾਣ ਮਜ਼ਦੂਰਾਂ ਦੇ ਹੱਥਾਂ ਵਰਗੇ

ਨਿਕੋਲਾ ਯੋਂਕੋਫ਼ ਵਾਪਤਸਰੋਫ਼
ਮੈਨੂੰ ਪਤੈ ਤੈਨੂੰ ਚਲਾਕ ਲਫ਼ਜ਼ ਪਸੰਦ ਨਹੀਂ ਸਨ
ਬੇਮਤਲਬ ਲਫ਼ਜ਼ ਜੋ ਅਨ੍ਹੇਰੇ 'ਚ
ਬਘਿਆੜ ਦੇ ਦੰਦਾਂ ਹਾਰ ਲਿਸ਼ਕਦੇ ਹਨ
ਤੇਰੇ ਲਫ਼ਜ਼ ਜਬ੍ਹੇ ਵਾਲੇ ਤੇ ਸਾਦਾਲੋਹ ਸਨ
ਸਿਆਹ ਤੇ ਸਫ਼ੇਦ, ਸਿਆਹ ਤੇ ਸਫ਼ੇਦ—
ਸਿਆਹ ਤੇਰੇ ਕਾਮਿਆਂ ਦੀ ਕਾਲਖ਼
ਤੇ ਤੰਗੀਆਂ-ਤੁਰਸ਼ੀਆਂ ਨਾਲ
ਸਫ਼ੇਦ ਤੇਰੀ ਉਮੀਦ ਤੇ ਯਕੀਨ ਨਾਲ

ਨਿਕੋਲਾ ਯੋਂਕੋਫ਼ ਵਾਪਤਸਰੋਫ਼
ਆਪਣੇ ਲੋਕਾਂ ਦੇ ਸ਼ਾਇਰ
ਤੈਨੂੰ ਕੋਈ ਸਤਹੀ ਲਫ਼ਜ਼ ਆਉਂਦਾ ਹੀ ਨਹੀਂ ਸੀ
ਤੈਨੂੰ ਗੀਤ ਗਾਉਣ ਵਾਲੇ ਪਰਿੰਦਿਆਂ ਦੇ
ਬਥੇਕਾਵਿਆਂ ਨਾਲ ਕਿੰਨੀ ਹਿਕਾਰਤ ਸੀ
ਜ਼ਿੰਦਗੀ ਮਜ਼ਬੂਤ ਹੱਥਾਂ ਨਾਲ ਤੇਰੇ 'ਤੇ ਵਾਰ ਕਰਦੀ ਰਹੀ
ਤੇ ਤੂੰ ਆਪਣੀਆਂ ਕਵਿਤਾਵਾਂ ਦੀਆਂ ਮੁੱਠੀਆਂ ਨਾਲ
ਦਰਦ ਉੱਤੇ ਵਾਰ ਕਰਦਾ ਰਿਹਾ

ਸਟੇਸ਼ਨਾਂ ਦੀਆਂ ਨਿਗਰਾਨ ਰੌਸ਼ਨੀਆਂ ਦੇ ਕੋਲ
ਜਮਹੂਰੀਅਤ ਦੇ ਕਦਮਾਂ ਵਿਚ
ਆਪਣੀ ਨੀਂਦ ਤੋਂ ਵੇਲਾ ਚੁਰਾ ਕੇ
ਆਪਣੇ ਲੋਕਾਂ ਦੇ ਸ਼ਾਇਰ
ਤੂੰ ਮਜ਼ਦੂਰਾਂ ਨਾਲ ਰਹਿੰਦਿਆਂ ਕਵਿਤਾਵਾਂ ਲਿਖੀਆਂ
ਜਿਨ੍ਹਾਂ ਤੋਂ ਗੰਦਿਆਂ, ਮੁੜ੍ਹਕੇ, ਸਾਬਤਕਦਮੀ ਤੇ ਸ਼ਾਨ ਦੀ
ਗੰਧ ਆਉਂਦੀ ਸੀ
ਰੇਲ ਗੱਡੀਆਂ 'ਚ ਕੋਇਲਿਆਂ ਨਾਲ ਲਿਖੀਆਂ ਕਵਿਤਾਵਾਂ
ਕੋਸ਼ੇਰੀਨੋਫ਼ ਦੇ ਬੋਇਲਰਾਂ 'ਚ ਲਿਖੀਆਂ ਕਵਿਤਾਵਾਂ
ਏਕਾਰੀਸਾਸ ਵਿਚ ਮੁੜ੍ਹਕੇ ਨਾਲ ਲਿਖੀਆਂ ਕਵਿਤਾਵਾਂ
ਸਿਆਹ ਤੇ ਸਫ਼ੇਦ, ਸਿਆਹ ਤੇ ਸਫ਼ੇਦ—
34 ਯੂਲਿਨ ਸਟਰੀਟ 'ਤੇ ਤੇਰੀਆਂ ਰਾਤਾਂ
ਕਿੰਨੀਆਂ ਸਿਆਹ ਸਨ
ਤੇਰਾ ਸੁਫ਼ਨਾ ਕਿੰਨਾ ਸਫ਼ੇਦ ਸੀ
ਸਪੇਨ ਦੀ ਜੰਗ
ਸੁਰਖ਼ ਰੰਗ ਦਾ ਛਿਟਕਾਰਾ
ਤੇ ਸਿਆਹ ਤੇ ਸਫ਼ੇਦ ਦੇ ਵਿਚਕਾਰ
ਤੇਰਾ ਦਿਲ
ਰਾਤ ਤੇ ਦਿਨ ਦੀ ਸਰਹੱਦ 'ਤੇ
ਲਟਕਦਾ ਲਾਲ ਸੂਰਜ ਸੀ

ਬਾਰਿਸ਼ ਤੇ ਕਾਲਖ਼ ਦੇ ਦਿਨ
ਸਿਆਹ ਦਿਨ, ਸਿਆਹ ਰਾਤਾਂ
ਸੁਰਖ਼ ਖ਼ੂਨ
ਤੇਰੀਆਂ ਨਜ਼ਮਾਂ
ਛੋਟੇ-ਛੋਟੇ ਤਾਬੂਤਾਂ 'ਤੇ ਸਿੱਧੀ ਪੈਂਦੀ ਬਰਸਾਤ ਸੀ

ਭਿੱਜੀਆਂ ਛੱਤਾਂ 'ਤੇ ਪੈਂਦੀ ਬਾਰਿਸ਼
ਉਸ ਕੁਆਰਟਰ ਵਿਚ ਜਿਥੇ ਗ਼ਮ ਦਾ ਵਾਸਾ ਸੀ
ਤੇਰੀਆਂ ਨਜ਼ਮਾਂ ਸੂਰਜ ਦੀਆਂ ਸ਼ੁਆਵਾਂ ਦੀ ਬਾਰਿਸ਼ ਸਨ·
ਸਿਆਹ ਦਿਨਾਂ ਵਿਚ
ਤੇਰੀਆਂ ਨਜ਼ਮਾਂ ਧੱਫਿਆਂ ਦੀ ਬਰਸਾਤ ਸੀ
ਜੋ ਬੰਦ ਦਰਵਾਜ਼ਿਆਂ 'ਤੇ ਵੱਜਦੇ ਹਨ
ਜੋ ਬੰਦ ਦਿਲਾਂ 'ਤੇ ਵੱਜਦੇ ਹਨ !
ਉੱਠੋ
ਉੱਠੋ

ਨਿਕੋਲਾ ਯੋਂਕੋਫ਼ ਵਾਪਤਸਰੋਫ਼
1942 'ਚ 23 ਜੁਲਾਈ ਵਾਲੇ ਦਿਨ
ਉਨ੍ਹਾਂ ਮੈਨੂੰ ਦੱਸਿਆ ਤੂੰ ਮਾਰ ਦਿੱਤਾ ਗਿਆ ਏਂ
ਪਰ ਮੈਂ ਜਾਣਦਾਂ
ਤੇਰੀ ਛਾਤੀ 'ਚ
ਜ਼ਿੰਦਗੀ ਹਾਲੇ ਵੀ ਜੀਉਂਦੀ ਹੈ ਜ਼ੱਰਾਬਕਤਰ ਪਹਿਨੀ
ਤੇ ਉਹ ਗੋਲੀ ਜੋ ਤੈਨੂੰ ਮਾਰ ਸਕੇ
ਹਾਲੇ ਈਜਾਦ ਨਹੀਂ ਹੋਈ

ਨਿਕੋਲਾ
ਸਵਖ਼ਤੇ ਕਿੰਨੀ ਠੰਢ ਹੁੰਦੀ ਸੀ
ਕੂਹਣੀਆਂ ਦੀਆਂ ਮੋਰੀਆਂ ਥਾਣੀਂ
ਮਜ਼ਦੂਰਾਂ ਦੇ ਕਪੜੇ ਸਲਾਭੇ ਜਾਂਦੇ ਸਨ
ਬਹਾਰ ਦੇ ਦਿਨੀਂ ਸਵੇਰਾਂ ਕਿੰਨੀਆਂ ਹੌਲੀਆਂ ਹੁੰਦੀਆਂ ਸਨ
ਕਿ ਚਾਨਣ ਵਿਚ ਕਾਮਿਆਂ ਦੇ ਚਿਹਰੇ
ਹੋਰ ਸਿਆਹ ਨਜ਼ਰ ਆਉਂਦੇ ਸਨ

ਖਿੜੀ ਹੋਈ ਟਹਣੀ ਨੇ
ਖ਼ੁਸ਼ੀ ਦੀ ਗੁਲ੍ਹ ਨੂੰ ਛੁਹਣ ਲਈ
ਆਪਣਾ ਹੱਥ ਪਸਾਰਿਆ
ਇਹਨੂੰ ਕਿਸੇ ਨ ਡਿੱਠਾ
ਤੇ ਖਿੜੀ ਹੋਈ ਟਹਣੀ
ਚੁੱਪਚਾਪ ਥੱਲੇ ਡਿੱਗ ਪਈ
ਵੱਢੇ ਹੋਏ ਹੱਥ ਵਾਂਗੂੰ

ਜੋ ਮਜ਼ਦੂਰ ਸਾਰੀ ਰਾਤ ਖੰਘਦਾ ਰਹਿੰਦਾ ਸੀ
ਉਹ ਹੁਣ ਨਹੀਂ ਸੀ ਖੰਘ ਰਿਹਾ
ਬਾਰਾਂ ਘੰਟੇ ਉਹ ਸਵਾਹ 'ਚ ਸਾਹ ਲੈਂਦਾ ਸੀ
ਬਾਰਾਂ ਘੰਟੇ ਉਹ ਖੰਘਦਾ ਸੀ
ਉਹ ਹੁਣ ਨਹੀਂ ਸੀ ਖੰਘ ਰਿਹਾ
ਕੋਈ ਮੋਟਰ ਰੁਕ ਗਈ ਸੀ
ਕੋਈ ਦਿਲ ਰੁਕ ਗਿਆ ਸੀ
ਖ਼ਾਮੋਸ਼ੀ ਨੇ



ਸਿਆਹ ਕਿੱਲ
ਬਹਾਰ ਦੇ ਧੜਕਦੇ ਦਿਲ ਵਿਚ ਠੋਕ ਦਿੱਤਾ ਸੀ

ਤੇਰਾ ਮਜ਼ਦੂਰ ਜੋ ਖੰਘਦਾ ਰਹਿੰਦਾ ਸੀ
ਹੁਣ ਗਰਮੀਆਂ ਵਾਰਨਾ ਦੀਆਂ ਆਰਾਮਗਾਹਾਂ 'ਚ
ਬਸਰ ਕਰਦਾ ਹੈ

ਉਹ ਹੁਣ ਖੰਘਦਾ ਨਹੀਂ
ਦਰੱਖ਼ਤਾਂ ਦੀਆਂ ਪਰਛਾਈਆਂ ਗੰਦੇ ਵਿਹੜਿਆਂ ਦੀ
ਗੰਦਗੀ 'ਚ ਰੀਂਗਦੀਆਂ ਨਹੀਂ

ਤੇਰਾ ਕਾਮਰੇਡ ਮਜ਼ਦੂਰ
ਆਪਣੇ ਹੱਥ
ਚਾਨਣ ਦੀ ਬੇਸਣੀ 'ਚ ਧੋਂਦਾ ਹੈ
ਬਾਰੀ ਦੇ ਸਾਹਵੇਂ
ਉਹ ਬਹਾਰ ਵੱਲ ਦੇਖ ਕੇ ਮੁਸਕਰਾਉਂਦਾ ਹੈ
ਤੇ ਤੇਰੀ ਕਵਿਤਾ ਵੀ
ਹੁਣ ਖੰਘਦੀ ਨਹੀਂ
ਇਹ ਤੇਰੀ ਸਰਜ਼ਮੀਨ ਦੀਆਂ
ਤਮਾਮ ਖੁੱਲ੍ਹੀਆਂ ਬਾਰੀਆਂ 'ਚ ਖੜ੍ਹੀ ਮੁਸਕਰਾ ਰਹੀ ਹੈ

ਇਹ ਤਾਂ ਉਵੇਂ ਹੈ ਜਿਵੇਂ ਤੂੰ ਆਖਦੈਂ ਬਿਰਾਦਰ
ਉਹ ਗੋਲੀ ਜੋ ਤੈਨੂੰ ਮਾਰ ਦਏ
ਹਾਲੇ ਈਜਾਦ ਨਹੀਂ ਹੋਈ
ਆ ਆਪਾਂ ਘੁੰਮਣ ਚੱਲੀਏ
ਪਿਰਿਨ ਦੇ ਫਰ ਦੇ ਰੁੱਖਾਂ ਹੇਠਾਂ
ਧੁੱਪ ਲਿਸ਼ਕ ਰਹੀ ਹੈ
ਆਪਾਂ ਦੋਹਵੇਂ
ਸਵੇਰ ਦੇ ਸ਼ਿਕਾਰੀ ਹਾਂ
ਤੇ ਸਾਡੇ ਮੋਢਿਆਂ 'ਤੇ
ਸਾਡੀਆਂ ਨਜ਼ਮਾਂ ਦੀਆਂ ਬੰਦੂਕਾਂ ਲਟਕ ਰਹੀਆਂ ਹਨ
ਧੁੱਪ ਲਿਸ਼ਕ ਰਹੀ ਹੈ

ਤੇਰੀਆਂ ਨਜ਼ਮਾਂ ਦੀਆਂ ਬੰਦੂਕਾਂ ਵਿਚ
ਇਕੋ ਗੋਲੀ ਭਰਦੀ ਹੈ
ਉਹ ਹੈ ਸੂਰਜ ਦੀ ਸੁਨਹਿਰੀ ਗੋਲੀ
ਜੋ ਮੌਤ ਨੂੰ ਮਾਰਦੀ ਹੈ
ਮੈਂ ਵੀ ਅੱਜ ਇਹੋ ਜਿਹੀ ਗੋਲੀ
ਤੇਰੀ ਮੌਤ ਦੇ ਦਿਲ ਵਿਚ ਦਾਗੀ ਹੈ

ਸੋ ਆ ਮੇਰੇ ਨਾਲ ਵਾਪਤਸਰੋਫ਼
ਆਪਾਂ ਨਵੀਂ ਜੁਲਾਈ ਦੇ
ਸ਼ਾਨਦਾਰ ਚਾਨਣ 'ਚ ਸੈਰ ਕਰੀਏ,
o

ਸੋਫ਼ੀਆ
27 ਜੂਨ—5 ਜੁਲਾਈ

# ਹਿੰਦੀ ਦੀ ਰਾਜਨੀਤਕ ਕਵਿਤਾ ਦੀ ਰਚਨਾ ਪ੍ਰਕ੍ਰਿਆ

ਡਾ. ਚਮਨ ਲਾਲ

ਹਿੰਦੀ ਕਵਿਤਾ ਤੇ ਆਦਿ ਕਾਲ ਤੋਂ ਹੀ ਰਾਜਨੀਤੀ ਦਾ ਅਸਰ ਰਿਹਾ ਹੈ। ਉਂਝ ਵੀ ਕਿਉਂਕਿ ਹਰ ਯੁਗ ਵਿਚ ਰਾਜਨੀਤੀ ਸਮਾਜ ਤੇ ਭਾਰੂ ਰਹਿੰਦੀ ਹੈ, ਇਸ ਲਈ ਸਾਹਿਤ ਦਾ ਉਸਦੇ ਅਸਰ ਤੋਂ ਮੁਕਤ ਰਹਿਣਾ ਸੋਚਿਆ ਵੀ ਨਹੀਂ ਜਾ ਸਕਦਾ। ਆਦਿਕਾਲ ਵਿਚ ਚਾਹੇ ਅਮੀਰ ਖੁਸਰੋ ਰਹੇ ਹੋਣ ਜਾਂ ਚੰਦਵਰਦਾਈ, ਆਪਣੇ ਸਮੇਂ ਦੀ ਰਾਜਨੀਤਕ ਹਾਲਤ ਨੂੰ ਉਨ੍ਹਾਂ ਬਿਆਨਿਆ ਹੈ। ਦਸਵੀਂ ਸਦੀ ਤੋਂ ਲੈ ਕੇ ਅੱਜ ਤੱਕ ਦੀ ਹਿੰਦੀ ਕਵਿਤਾ ਦੀ ਯਾਤਰਾ ਆਪਣੇ ਸਮੇਂ ਦੀ ਰਾਜਨੀਤੀ ਨੂੰ ਵੀ ਨਾਲ ਲੈ ਕੇ ਹੀ ਪੂਰੀ ਹੋਈ ਹੈ ਤੇ ਅੱਜ ਤੋਂ ਅਗਾਂਹ ਵੱਲ ਦੀ ਯਾਤਰਾ ਵਿਚ ਵੀ ਰਾਜਨੀਤੀ ਉਸਦੇ ਅੰਗ ਸੰਗ ਹੀ ਚੱਲ ਰਹੀ ਹੈ।

ਹਿੰਦੀ ਸਾਹਿਤ ਦੇ ਮੱਧਕਾਲ ਵਿਚ ਜੇ ਭਗਤੀਕਾਲ ਵਿਚ ਕਬੀਰ ਤੇ ਤੁਲਸੀਦਾਸ ਨੇ ਆਪਣੇ ਸਮੇਂ ਦੀ ਰਾਜਨੀਤੀ ਨੂੰ ਬਿਆਨਿਆ ਤਾਂ ਰੀਤੀਕਾਲ ਵਿਚ ਭੂਸ਼ਣ, ਛਤਰਸਾਲ ਆਦਿ ਨੇ ਆਪਣੇ ਸਰਪ੍ਰਸਤ ਰਾਜਿਆਂ—ਮਹਾਰਾਜਿਆਂ ਦੇ ਗੁਣ ਗਾਏ। ਆਦਿਕਾਲ ਤੋਂ ਅੱਜ ਤੱਕ ਹਿੰਦੀ ਦੀ ਰਾਜਨੀਤਕ ਕਵਿਤਾ ਮੋਟੇ ਤੌਰ ਤੇ ਤਿੰਨ ਧਾਰਾਵਾਂ ਵਿਚ ਪੇਸ਼ ਹੁੰਦੀ ਰਹੀ ਹੈ—

(1) ਇਨਕਲਾਬੀ ਜਾਂ ਬਾਗ਼ੀ ਕਵਿਤਾ—ਕਬੀਰ ਤੋਂ ਸ਼ੁਰੂ ਹੋ ਕੇ ਨਿਰਾਲਾ, ਨਾਗਾਰੁਜਨ ਰਾਹੀਂ ਗੋਰਖ ਪਾਂਡੇ ਤੱਕ। ਇਸ ਕਵਿਤਾ ਨੇ ਆਪਣੇ ਸਮੇਂ ਦੀਆਂ ਜ਼ਾਲਮ ਤੇ ਕਾਲੀਆਂ ਸ਼ਕਤੀਆਂ ਨੂੰ ਵੰਗਾਰਿਆ ਹੈ ਅਤੇ ਲੋਕਾਂ ਦੀ ਜ਼ਿੰਦਗੀ ਦੇ ਹਕੀਕੀ ਰੂਪ ਨੂੰ ਚਿਤਰਦੇ ਹੋਏ ਉਸਦੇ ਸੁਪਨਿਆਂ ਨੂੰ ਕਾਵਿ ਰੂਪ ਵਿਚ ਢਾਲਿਆ ਹੈ।

(2) ਵਿਅੰਗਆਤਮਕ ਜਾਂ ਆਲੋਚਨਾਤਮਕ ਕਵਿਤਾ ਅਮੀਰ ਖੁਸਰੋ ਤੋਂ ਲੈ ਕੇ ਰਘੁਵੀਰ ਸਹਾਇ, ਸਰਵੇਸ਼ਵਰ ਦਿਆਲ ਸਕਸੇਨਾ ਆਦਿ ਕਵੀਆਂ ਤੱਕ ਕਵਿਤਾ ਦੀ ਯਾਤਰਾ ਹੈ। ਗੁਣ ਤੇ ਗਿਣਤੀ ਵਿਚ ਇਸ ਕਵਿਤਾ ਨੇ ਕਾਫੀ ਯੋਗਦਾਨ ਪਾਇਆ ਹੈ। ਆਲੋਚਨਾਤਮਕ ਕਵਿਤਾ ਨੇ ਆਪਣੇ ਸਮੇਂ ਦੀਆਂ ਹਕੀਕਤਾਂ ਤੋਂ ਪਰਦਾ ਲਾਹਿਆ ਹੈ ਅਤੇ ਉਨ੍ਹਾਂ ਤਾਕਤਾਂ ਤੇ ਵਿਅੰਗ ਕੀਤਾ ਹੈ, ਜੋ ਸਮੇਂ ਦੀ ਤੋਰ ਨੂੰ ਬੰਨ੍ਹ ਕੇ ਰੱਖਣਾ ਚਾਹੁੰਦੀਆਂ ਹਨ। ਆਪਣੇ ਤੱਤ ਰੂਪ ਵਿਚ ਇਹ ਕਵਿਤਾ ਇਨਕਲਾਬੀ ਜਾਂ ਬਾਗੀ ਕਵਿਤਾ ਦੀ ਹਮਸਫਰ ਹੈ, ਭਾਵੇਂ ਕਦੀ ਕਦੀ ਇਸ ਵਿਚ ਨਿਰਾਸ਼ਾ ਦੇ ਸੁਰ ਵਧ ਜਾਂਦੇ ਹਨ ਅਤੇ ਆਪਣੀ ਹਮਸਫ਼ਰ ਕਵਿਤਾ ਤੋਂ ਆਪਣੀ ਯਾਤਰਾ ਵਿਚ ਕਾਫੀ ਪਿੱਛੜ ਜਾਂਦੀ ਹੈ।

(3) ਭੰਡਪੁਣੇ ਦੀ ਕਵਿਤਾ—ਰਾਜਨੀਤਕ ਕਵਿਤਾ ਵਿਚ ਹੀ ਤੀਜੀ ਤਰ੍ਹਾਂ ਦੀ ਕਵਿਤਾ ਆਪਣੇ ਸਮੇਂ ਦੇ ਹਾਕਮਾਂ ਦੀ ਭੰਡਪੁਣੇ ਦੀ ਕਵਿਤਾ ਹੈ। ਇਸ ਪਰੰਪਰਾ ਵਿਚ ਜ਼ਿਆਦਾ ਕਵੀ ਭਾਵੇਂ ਹੋਣ, ਪਰ ਗੁਣ ਪੱਖੋਂ ਇਹ ਕਵਿਤਾ ਕਾਫੀ ਨਿਗੂਣੀ ਹੈ। ਭੂਸ਼ਣ ਤੋਂ ਲੈ ਕੇ ਅਸ਼ੋਕ ਵਾਜਪੇਈ ਤੇ ਸ੍ਰੀਕਾਂਤ ਵਰਮਾ ਆਦਿ ਤੱਕ ਇਹ ਪਰੰਪਰਾ ਚਲਦੀ ਹੈ। ਇਸ ਕਵਿਤਾ ਵਿਚ ਲੋਕਾਂ ਨੂੰ ਉਨ੍ਹਾਂ ਦੀ ਹਕੀਕੀ ਜ਼ਿੰਦਗੀ ਤੋਂ ਪਰੇ ਲਿਜਾਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਤੇ ਯਥਾਸਥਿਤੀ ਨੂੰ ਵਰਦਾਨ ਗਰਦਾਨਿਆ ਜਾਂਦਾ ਹੈ

ਹਿੰਦੀ ਵਿਚ ਕਰਾਂਤੀਕਾਰੀ ਤੇ ਆਲੋਚਨਾਤਮਕ ਕਵਿਤਾ ਦੀ ਬੜੀ ਲੰਬੀ ਤੇ ਸਿਹਤਮੰਦ ਪਰੰਪਰਾ ਹੈ। ਕਬੀਰ ਤੋਂ ਸ਼ੁਰੂ ਹੋਈ ਇਹ ਪਰੰਪਰਾ ਤੁਲਸੀਦਾਸ,ਸੂਰਦਾਸ ਰਸਖਾਨ ਆਦਿ ਨੂੰ ਸਮੇਟ ਕੇ ਆਧੁਨਿਕ ਕਾਲ ਵਿਚ ਭਾਰਤੇਂਦੂ ਹਰੀਸ਼ਚੰਦਰ ਤੱਕ ਪਹੁੰਚਦੀ ਹੈ। ਭਾਰਤੇਂਦੂ ਤੋਂ ਚੱਲ ਕੇ ਫਿਰ ਇਹ ਨਿਰਾਲਾ,ਨਾਗਾਰੁਜਨ ਮੁਕਤੀਬੋਧ, ਕੇਦਾਰਨਾਥ ਅਗਰਵਾਲ, ਸ਼ੈਲ, ਸ਼ੰਕਰ ਸ਼ੈਲੇਂਦਰ, ਸ਼ਿਵ-ਮੰਗਲ ਸਿੰਘ ਸੁਮਨ, ਰਮੇਸ਼ਵਰ ਸ਼ੁਕਲ ਅੰਚਲ, ਤ੍ਰਿਲੋਚਨ ਸ਼ਾਸਤਰੀ, ਸ਼ਮਸ਼ੇਰ, ਕੇਦਾਰਨਾਥ ਸਿੰਘ ਆਦਿ ਨੂੰ ਸਮੇਟਦੀ ਹੋਈ—ਬਿਲਕੁਲ ਨਵੀਂ ਪੀੜ੍ਹੀ ਤੱਕ ਆ ਕੇ—ਧੂਮਿਲ, ਕੁਮਾਰ ਵਿਕਲ, ਆਲੋਕਧਨਵਾ, ਵੇਣੂਗੋਪਾਲ,ਉਦੈ ਪ੍ਰਕਾਸ਼, ਸੰਮਲੇਸ਼ ਡਬਰਾਲ, ਨੀਲਾਭ ਪੰਕਜ ਸਿੰਘ, ਅਰੁਣ ਕਮਲ, ਵਿਸ਼ਣੂ ਨਾਗਰ, ਰਾਜੇਸ਼ ਜੋਸ਼ੀ, ਮਨਮੋਹਨ, ਕੁਲਦੀਪ ਕੁਮਾਰ, ਸਰਵੇਸ਼ਵਰ ਦਿਆਲ ਸਕਸੇਨਾ, ਰਘੁਵੀਰ ਸਹਾਇ ਤੇ ਗੋਰਖਪਾਂਡੇ ਤੱਕ ਪਹੁੰਚਦੀ ਹੈ।

ਪੰਜਾਬੀ ਪਾਠਕ ਹਿੰਦੀ ਦੀ ਇਸ ਪਰੰਪਰਾ ਦੇ ਅਨੇਕਾਂ ਕਵੀਆਂ ਦੀਆਂ ਰਚਨਾਵਾਂ ਤੋਂ ਜਾਣੂ ਹਨ ਤੇ 'ਸਮਤਾ' ਦੇ ਪਾਠਕ ਵੀ ਕਈ ਹਿੰਦੀ ਰਚਨਾਵਾਂ ਪੜ੍ਹ ਚੁੱਕੇ ਹਨ। ਇਸ ਪੂਰੀ ਪਰੰਪਰਾ ਵਿਚੋਂ ਇੱਥੇ ਪੰਜ ਪ੍ਰਤੀਨਿਧ ਕਵੀਆਂ ਦੀਆਂ ਰਚਨਾਵਾਂ ਤੇ ਵਿਚਾਰ ਕੀਤਾ ਜਾਵੇਗਾ—ਇਹ ਕਵੀ ਹਨ—ਨਾਗਾਰੁਜਨ, ਮੁਕਤੀਬੋਧ, ਧੂਮਿਲ, ਕੁਮਾਰ ਵਿਕਲ ਤੇ ਗੋਰਖ ਪਾਂਡੇ।

ਇਨ੍ਹਾਂ ਪੰਜ ਕਵੀਆਂ ਦੀਆਂ ਰਚਨਾਵਾਂ ਨੂੰ ਅਸੀਂ ਮੋਟੇ ਤੌਰ ਤੇ ਦੋ ਧਾਰਾਵਾਂ ਵਿਚ ਵੰਡ ਸਕਦੇ ਹਾਂ—

(1) ਨਾਗਾਰੁਜਨ ਗੋਰਖ ਪਾਂਡੇ ਦੀ ਧਾਰਾ—ਇਸ ਧਾਰਾ ਵਿਚ ਲੋਕ ਸੰਘਰਸ਼ਾਂ ਤੇ ਲੋਕ ਜੀਵਨ ਦਾ ਆਮ ਲੋਕਾਂ ਦੀ ਚੇਤਨਾ ਦੀ ਬਿੰਬਾਵਲੀ ਵਿਚ ਬਿਆਨ ਹੈ ਤੇ ਇਹ ਕਵਿਤਾ ਸਹਿਜੇ ਹੀ ਲੋਕ ਮਨ ਤੱਕ ਆਪਣੀ ਰਸਾਈ

ਕਰ ਲੈਂਦੀ ਹੈ ।

(2) ਮੁਕਤੀਬੋਧ-ਧੂਮਿਲ-ਕੁਮਾਰ ਵਿਕਲ ਦੀ ਧਾਰਾ— ਇਹ ਕਵੀ ਮੁਕਾਬਲਤਨ ਬੌਧਿਕ ਧਾਰਾ ਦੇ ਕਵੀ ਹਨ ਤੇ ਏਨ੍ਹਾਂ ਦੀ ਬਿੰਬਾਵਲੀ ਅਜਿਹੀ ਹੈ, ਜਿਸਨੂੰ ਸਮਝਣ ਲਈ ਕਾਵਿ ਰੂਪ ਦੀ ਸੁਚੇਤ ਸਮਝ ਜ਼ਰੂਰੀ ਹੋ ਜਾਂਦੀ ਹੈ। ਆਪਣੇ ਤੱਤ ਵਿਚ ਇਹ ਧਾਰਾ ਲੋਕ-ਜੀਵਨ ਦੀ ਲੋਕ-ਪੱਖੀ ਧਾਰਾ ਹੀ ਹੈ,ਪਰ ਆਪਣੇ ਰੂਪ ਵਿਚ ਕੁੱਝ ਹੱਦ ਤੱਕ ਔਖੀ ਬਿੰਬਾਵਲੀ ਦੀ ਵਰਤੋਂ ਕਾਰਨ ਇਸਦੀ ਰਸਾਈ ਮੱਧ ਵਰਗ ਦੇ ਬੌਧਿਕ ਪਾਠਕਾਂ ਤੱਕ ਸੀਮਤ ਰਹਿ ਜਾਂਦੀ ਹੈ। ਉਂਜ ਮੱਧ ਵਰਗ ਦੇ ਕਈ ਅੰਤਰ ਵਿਰੋਧਾਂ ਦਾ ਹੱਲ ਕਰਦਿਆਂ ਉਸਦੇ ਭਰਮ ਜਾਲ ਨੂੰ ਤੋੜਦਿਆਂ ਇਹ ਕਵਿਤਾ ਉਸ ਵਰਗ ਨੂੰ ਲੋਕ-ਜੀਵਨ ਦੀ ਲੋਕਪੱਖੀ ਧਾਰਾ ਦੇ ਅੰਗ ਸੰਗ ਤੁਰਨ ਵਿਚ ਸਹਾਈ ਬਣਦੀ ਹੈ ।

ਇਨ੍ਹਾਂ ਦੋਵਾਂ ਧਾਰਾਵਾਂ ਦੇ ਅਧਿਐਨ ਰਾਹੀਂ ਅਸੀਂ ਹਿੰਦੀ ਦੀ ਰਾਜਨੀਤਿਕ ਕਵਿਤਾ ਦੇ ਘੇਰੇ, ਉਸਦੇ ਮੁਹਾਵਰੇ ਤੇ ਬਿੰਬਾਵਲੀ ਦੀ ਪਛਾਣ ਕਰਾਂਗੇ ।

### (i) ਨਾਗਾਰੁਜਨ-ਗੋਰਖ ਪਾਂਡੇ ਧਾਰਾ

ਨਾਗਾਰੁਜਨ ਗੋਰਖ ਪਾਂਡੇ ਧਾਰਾ ਵਿਚ ਲੋਕ-ਸੰਸਕ੍ਰਿਤੀ ਦੇ ਅਨੇਕਾਂ ਰੂਪਾਂ ਨੂੰ ਕਵਿਤਾ ਵਿਚ ਢਾਲਿਆ ਗਿਆ ਹੈ। ਲੋਕ-ਗੀਤਾਂ, ਲੋਕ-ਕਥਾਵਾਂ ਨੂੰ ਸਰਲ ਬਿੰਬਾਂ ਵਿਚ ਢਾਲਕੇ ਪਾਠਕਾਂ ਦੀ ਚੇਤਨਾ ਨੂੰ ਹਲੂਣਿਆ ਗਿਆ ਹੈ। ਸ਼ੀਲ, ਸ਼ੰਕਰ ਸ਼ੈਲੇਂਦਰ, ਆਦਿ ਵੀ ਇਸੇ ਧਾਰਾ ਦੇ ਹੋਰ ਪ੍ਰਮੁੱਖ ਕਵੀ ਹਨ ।

ਬਿਹਾਰ ਦੇ ਮਿਥਿਲਾ ਇਲਾਕੇ ਵਿਚ 1911 ਵਿਚ ਜਨਮੇ ਨਾਗਾਰੁਜਨ ਦਾ ਅਸਲ ਨਾਂ ਵੈਦਿਆ ਨਾਥ ਤੇ ਇਸ ਨਾਲ 'ਯਾਤਰੀ' ਤਖ਼ੱਲਸ ਲਾਕੇ ਉਹ ਮੈਥਿਲੀ ਵਿਚ ਵੀ ਲਿਖਦੇ ਹਨ। ਹਿੰਦੀ ਜਗਤ ਵਿਚ 'ਬਾਬਾ' ਕਹਾਉਂਦੇ ਫੱਕੜ ਸੁਭਾਅ ਦੇ ਨਾਗਾਰੁਜਨ ਆਪਣੀ ਘੁਮੱਕੜੀ ਬਿਰਤੀ ਲਈ ਵੀ ਪ੍ਰਸਿੱਧ ਹਨ ਅਤੇ 74 ਸਾਲ ਦੀ ਉਮਰ ਦਾ ਇਹ ਮਹਾਨ ਲੇਖਕ ਹਿੰਦੁਸਤਾਨ ਦੇ ਕਿਸੇ ਕੋਣੇ ਵਿਚ ਅੱਜ ਵੀ ਬੜੇ ਅਰਾਮ ਨਾਲ ਪਹੁੰਚ ਸਕਦਾ ਹੈ।

ਕਵੀ ਰੂਪ ਵਿਚ ਪ੍ਰਸਿੱਧ ਹੋਣ ਤੋਂ ਪਹਿਲਾਂ ਨਾਗਾਰੁਜਨ ਨਾਵਲਕਾਰ ਦੇ ਰੂਪ ਵਿਚ ਹਿੰਦੀ ਸਾਹਿਤ ਵਿਚ ਸਥਾਪਤ ਹੋਏ ਤੇ ਅੱਜ ਵੀ ਉਨ੍ਹਾਂ ਦਾ ਨਾਵਲਕਾਰ ਰੂਪ ਬਹੁਤ ਮਹੱਤਵਪੂਰਣ ਹੈ। 'ਰਤੀਨਾਥ ਦੀ ਚਾਚੀ', 'ਬਾਬਾ ਬਟੇਸਰ ਨਾਥ' 'ਵਰੁਣ ਕੇ ਬੇਟੇ','ਬਲਚਨਮਾ', 'ਨਈ ਪੌਧ' 'ਦੁਖਮੋਚਨ', 'ਸਿਮਰਤੀਆਂ' ਆਦਿ ਉਨ੍ਹਾਂ ਦੇ ਪ੍ਰਸਿੱਧ ਨਾਵਲ ਹਨ । ਹਿੰਦੀ ਨਾਵਲ ਵਿਚ ਆਂਚਲਿਕਤਾ ਦੀ ਖੁਸ਼ਬੋ ਫਣੀਸ਼ਵਰਨਾਥ ਰੇਣੂ ਤੋਂ ਪਹਿਲਾਂ ਨਾਗਾਰੁਜਨ ਨੇ ਹੀ ਬਿਖੇਰ ਦਿੱਤੀ ਸੀ।

ਕਵਿਤਾ ਉਨ੍ਹਾਂ ਨੇ 1935-40 ਦੇ ਦੌਰ ਤੋਂ ਹੀ ਲਿਖਣੀ ਸ਼ੁਰੂ ਕਰ ਦਿੱਤੀ ਸੀ ਤੇ ਅੱਜ ਤੱਕ ਉਨ੍ਹਾਂ ਦਾ ਰਚਨਾ-ਕ੍ਰਮ ਜਵਾਨੀ ਵਾਲੇ ਉਤਸ਼ਾਹ ਨਾਲ ਜਾਰੀ ਹੈ। ਉਨ੍ਹਾਂ ਦਾ ਪਹਿਲਾ ਕਵਿਤਾ ਸੰਗ੍ਰਹਿ 'ਯੁਗਧਾਰਾ' 1953 ਵਿਚ ਛਪਿਆ ਤੇ ਉਨ੍ਹਾਂ ਦੀਆਂ ਪ੍ਰਤੀਨਿਧ ਕਵਿਤਾਵਾਂ 1985 ਵਿਚ। ਇਸ ਦੌਰਾਨ 'ਸਤਰੰਗੀ ਪੰਖੋਂ ਵਾਲੀ' 'ਪਿਆਸੀ ਪਥਰਾਈ ਆਂਖੇ' 'ਤਾਲਾਬ ਕੀ ਮਛਲੀਆਂ' 'ਚੰਦਨਾ', 'ਖਿਚੜ ਵਿਪਲਵ ਦੇਖਾ ਹਮਨੇ' 'ਤੁਮਨੇ ਕਹਾ ਥਾ', 'ਪੁਰਾਣੀ ਜੁਤੀਓਂ ਕਾ ਕੋਰਸ', 'ਹਜ਼ਾਰ ਹਜ਼ਾਰ ਬਾਹੋਂ ਵਾਲੀ', 'ਭਸਮਾਂਕੁਰ' 'ਚਿੱਤਰਾ' ਆਦਿ ਕਾਵਿ ਸੰਗ੍ਰਹਿ ਪ੍ਰਕਾਸ਼ਤ ਹੋਏ ।

ਨਾਗਾਰੁਜਨ ਆਪਣੇ ਰਚਨਾ-ਕਰਮ ਦੇ ਆਰੰਭ ਤੋਂ ਹੀ ਰਾਜਨੀਤਕ ਚੇਤਨਾ ਵਾਲੇ ਕਲਾਕਾਰ ਰਹੇ ਹਨ। ਸਮਾਜ ਦੇ ਦੱਬੇ ਕੁਚਲੇ ਵਰਗ ਨਾਲ ਉਨ੍ਹਾਂ ਦੀ ਹਮਦਰਦੀ ਰਹੀ ਹੈ ਤੇ ਆਪਣੇ ਨਾਵਲਾਂ ਤੇ ਕਵਿਤਾਵਾਂ ਵਿਚ ਉਨ੍ਹਾਂ ਇਸ ਵਰਗ ਦੇ ਸੰਘਰਸ਼ਾਂ ਤੇ ਸੁਪਨਿਆਂ ਨੂੰ ਬੜੇ ਸੁੰਦਰ ਤੇ ਪ੍ਰਭਾਵਸ਼ਾਲੀ ਢੰਗ ਨਾਲ ਬਿਆਨਿਆ ਹੈ। ਫੱਕੜ ਸੁਭਾਅ ਵਾਲੇ ਨਾਗਾਰੁਜਨ ਨੂੰ ਸਥਾਪਤੀ ਕਦੀ ਵੀ ਰਾਸ ਨਹੀਂ ਆਈ, ਭਾਵੇਂ ਉਹ ਕਮਿਊਨਿਸ਼ਟ ਪਾਰਟੀ ਦੀ ਹੀ ਸਥਾਪਤੀ ਕਿਉਂ ਨਾ ਹੋਵੇ, ਪਰ ਸਥਾਪਤੀ ਵਿਰੋਧ ਵਿਚ ਉਹ ਕਦੀ ਕਦੀ ਭਟਕੇ ਵੀ।'ਖਿਚੜੀ ਵਿਪਲਵ ਦੇਖਾ ਹਮਨੇ, ਉਨ੍ਹਾਂ ਦੀ ਇਸ ਰਾਜਨੀਤਕ ਭਟਕਣਾ ਦੀ ਆਪਾ-ਪੜਚੋਲਵੀਂ ਕਾਵਿ-ਦਾਸਤਾਨ ਹੈ। ਇਸ ਸੰਗ੍ਰਹਿ ਵਿਚ ਉਨ੍ਹਾਂ ਦੀ ਜੈ ਪ੍ਰਕਾਸ਼ ਨਾਰਾਇਣ ਤੋਂ ਪ੍ਰੇਰਤ ਅੰਦੋਲਨ ਵਿਚ ਕੁੱਦਣ, ਜੇਲ੍ਹ ਜਾਣ ਤੇ ਫਿਰ ਜੇਲਵਾਸ ਦੌਰਾਨ ਹੀ ਉਸ ਅੰਦੋਲਨ ਤੋਂ ਮੋਹਭੰਗ ਦੀ ਸਥਿਤੀ ਬਿਆਨ ਕੀਤੀ ਗਈ ਹੈ। ਪਿਛਲੇ ਦਿਨੀਂ ਨਕਸਲਵਾਦੀ ਅੰਦੋਲਨ ਤੋਂ ਉਹ ਕਾਫੀ ਪ੍ਰਭਾਵਤ ਰਹੇ ਹਨ ਤੇ ਇਸ ਅੰਦੋਲਨ ਤੋਂ ਪ੍ਰੇਰਤ ਹੋ ਕੇ ਉਨ੍ਹਾਂ ਕਈ ਸਫਲ ਕਵਿਤਾਵਾਂ ਦੀ ਰਚਨਾ ਵੀ ਕੀਤੀ ਹੈ ।

ਨਾਗਾਰੁਜਨ ਦਾ ਕਾਵਿ ਸੰਸਾਰ ਬੜਾ ਵਿਸ਼ਾਲ ਹੈ। ਆਪਣੀ ਸੰਵੇਦਨਾ ਨਾਲ ਉਹ ਪ੍ਰਕ੍ਰਿਤੀ ਤੇ ਮਨੁੱਖੀ ਇਛਾਵਾਂ ਦੇ ਹਰ ਸੰਭਵ ਘੇਰੇ ਤੱਕ ਆਪਣੀ ਕਵਿਤਾ ਨੂੰ ਲੈ ਜਾਂਦੇ ਹਨ । ਉਨ੍ਹਾਂ ਦੀ ਵਰਨਣ ਸ਼ੈਲੀ ਭਾਵੇਂ ਉਪਰੋਂ ਬੜੀ ਸਪਾਟ ਲੱਗਦੀ ਹੈ, ਪਰ ਉਸਦਾ ਅਸਰ ਬੜਾ ਕਾਵਿ ਭਰਪੂਰ ਹੁੰਦਾ ਹੈ। ਉਦਾਹਰਣ ਲਈ ਉਨ੍ਹਾਂ ਦੀ ਇਕ ਕਵਿਤਾ 'ਨਿਓਲਾ' ਲਈ ਜਾ ਸਕਦੀ ਹੈ। ਜੇਲ੍ਹ ਦੇ ਮਾਹੌਲ ਦੇ ਪ੍ਰਸੰਗ ਵਿਚ ਲਿਖੀ ਇਹ ਇਕ ਲੰਬੀ ਕਵਿਤਾ ਹੈ ਤੇ ਨਾਗਾਰੁਜਨ ਬੜੇ ਵਿਸਥਾਰ ਨਾਲ ਨਿਓਲੇ ਦੀਆਂ ਹਰਕਤਾਂ ਨੂੰ ਬਿਆਨ ਕਰਦੇ ਹਨ। ਜੇਲ੍ਹ ਦੇ ਗੈਰ ਮਨੁੱਖੀ ਮਾਹੌਲ ਵਿਚ ਏਸ [illegible] ਜਿਹੇ ਪ੍ਰਾਣੀ ਦੀ ਉਛਲ ਕੂਦ ਦਾ ਨਾਗਾਰੁਜਨ ਨੇ ਏਨਾਂ ਮਨੁੱਖੀ ਢੰਗ ਨਾਲ ਚਿੱਤਰ

ਖਿੱਚਿਆ ਹੈ ਕਿ ਉਸਨੂੰ ਕਵਿਤਾ ਤੋਂ ਬਿਨਾਂ ਹੋਰ ਕੋਈ ਨਾ ਦਿੱਤਾ ਹੀ ਨਹੀਂ ਜਾ ਸਕਦਾ।

ਇਸੇ ਤਰ੍ਹਾਂ 63 ਵਰ੍ਹੇ ਦੇ ਲਾਲੂ ਸ਼ਾਹ ਦਾ ਆਪਣੀ 60 ਵਰ੍ਹਿਆਂ ਦੀ ਪਤਨੀ ਦੀ ਮੌਤ ਤੇ ਉਸਦੀ ਚਿਤਾ ਵਿਚ ਸਤੀ ਹੋਣਾ ਵੀ ਨਾਗਾਰੁਜਨ ਦੀ ਮਨੁੱਖੀ ਸੰਵੇਦਨਾ ਦੇ ਘੇਰੇ ਨੂੰ ਦਰਸਾਉਂਦਾ ਹੈ।

1946 ਵਿਚ ਨਾਗਾਰੁਜਨ ਨੇ 'ਕਲਪਨਾ ਦੇ ਪੁੱਤਰ ਹੇ ਭਗਵਾਨ' ਸੰਬੋਧਨ ਨਾਲ ਇਕ ਕਵਿਤਾ ਲਿਖੀ, ਜਿਸ ਵਿਚ ਉਨ੍ਹਾਂ ਕਿਹਾ :

ਚਾਹੀਦੀ ਨਹੀਂ ਮੈਨੂੰ ਇਹ ਸ਼ਾਂਤੀ
ਚਾਹੀਦੇ ਨੇ ਸੰਦੇਹ, ਉਲਝਣ, ਭਰਾਂਤੀ
ਰਹਾਂ ਮੈਂ ਦਿਨ-ਰਾਤ ਹੀ ਬੇਚੈਨ
ਅੱਗ ਵਰ੍ਹਾਉਂਦੇ ਰਹਿਣ ਇਹ ਨੈਣ

ਆਪਣੀ ਕਾਵਿ ਯਾਤਰਾ ਦੇ ਆਰੰਭ ਵਿਚ ਨਾਗਾਰੁਜਨ ਨੇ 'ਅੱਗ ਵਰ੍ਹਾਉਣਾ' ਆਪਣਾ ਲਕਸ਼ ਧਾਰ ਲਿਆ ਸੀ ਤੇ ਉਹ 1980-85 ਤੱਕ ਪਹੁੰਚਦਿਆਂ 'ਭੋਜਪੁਰ', ਨਕਸਲਬਾੜੀ ਕਿਸਾਨ ਘੋਲ ਤੋਂ ਪ੍ਰੇਰਤ 'ਹਰੀਜਨ ਗਾਥਾ' ਆਦਿ ਰਚਨਾਵਾਂ ਵਿਚ ਉਹ ਓਨੀ ਹੀ ਤੇਜ਼ੀ ਨਾਲ ਇਹ ਅੱਗ ਵਰ੍ਹਾ ਰਹੇ ਹਨ, ਜਿੰਨੀ ਤੇਜ਼ੀ ਨਾਲ 1940 ਵਿਚ ਵਰਾ ਰਹੇ ਸੀ। ਭਾਵ ਇਹ ਕਿ ਨਾਗਾਰੁਜਨ ਦੀ ਕਵਿਤਾ ਹਮੇਸ਼ਾ ਭਰ ਜਵਾਨ ਹੀ ਰਹੀ ਤੇ ਉਸ ਤੇ ਬੁਢਾਪਾ ਨਹੀਂ ਛਾਇਆ।

1912 ਦੀ ਨਾਗਾਰੁਜਨ ਦੀ ਇਕ ਬੜੀ ਕਲਾਸਿਕ ਕਵਿਤਾ ਹੈ—"ਅਕਾਲ ਤੇ ਉਸਤੋਂ ਬਾਦ"—ਇਹ ਛੋਟੀ ਕਵਿਤਾ ਇਥੇ ਪੂਰੀ ਹੀ ਦਰਜ ਕੀਤੀ ਜਾ ਰਹੀ ਹੈ :

'ਕਈ ਦਿਨਾਂ ਤੱਕ ਚੁੱਲ੍ਹਾ ਰੋਇਆ, ਚੱਕੀ ਰਹੀ ਉਦਾਸ
ਕਈ ਦਿਨਾਂ ਤੱਕ ਕਾਣੀ ਕੁੱਤੀ ਸੁੱਤੀ ਉਸਦੇ ਪਾਸ,
ਕਈ ਦਿਨਾਂ ਤੱਕ ਕੰਧਾਂ ਤੇ ਛਿਪਕਲੀਆਂ ਦੀ ਗਸ਼ਤ
ਕਈ ਦਿਨਾਂ ਤੱਕ ਚੂਹਿਆਂ ਦੀ ਵੀ ਹਾਲਤ ਰਹੀ ਸ਼ਿਕਸ਼ਤ
ਦਾਣੇ ਆਏ ਘਰ ਦੇ ਅੰਦਰ ਕਈ ਦਿਨਾਂ ਤੋਂ ਬਾਦ
ਧੂੰਆਂ ਉਠਿਆ ਵਿਹੜੇ ਅੰਦਰੋਂ ਕਈ ਦਿਨਾਂ ਤੋਂ ਬਾਦ
ਚਮਕ ਉਠੀਆਂ ਘਰ ਭਰ ਦੀਆਂ ਅੱਖਾਂ ਕਈ ਦਿਨਾਂ ਤੋਂ ਬਾਦ
ਕਾਂ ਨੇ ਵੀ ਖੁਜਲਾਈਆਂ ਪੰਖਾਂ ਕਈ ਦਿਨਾਂ ਤੋਂ ਬਾਦ'

ਚੁੱਲ੍ਹੇ-ਚੱਕੀ, ਛਿਪਕਲੀਆਂ ਤੇ ਚੂਹਿਆਂ ਦੇ ਬਿੰਬਾਂ ਨਾਲ ਨਾਗਾਰੁਜਨ ਨੇ ਜਿਸ ਤੀਬਰਤਾ ਨਾਲ ਅਕਾਲ ਦੀ ਹਾਲਤ ਬਿਆਨ ਕੀਤੀ, ਉਸੇ ਤੀਬਰਤਾ ਨਾਲ ਧੂੰਏਂ, ਚਮਕਦੀਆਂ ਅੱਖਾਂ ਤੇ ਕਾਂ ਦੇ ਬਿੰਬ ਨਾਲ ਅਕਾਲ ਤੋਂ ਬਾਦ ਦੀ ਹਾਲਤ ਵੀ ਬਿਆਨ ਕੀਤੀ ਹੈ। 'ਬਾਕੀ ਬਚ ਗਿਆ ਅੰਡਾ', 'ਮਾਸਟਰ', 'ਆਓ ਰਾਣੀ ਹਮ ਢੋਏਂਗੇ ਪਾਲਕੀ' ਆਦਿ ਉਨ੍ਹਾਂ ਦੀਆਂ ਇਸੇ ਦੌਰ ਦੀਆਂ ਕਲਾਸਿਕ ਰਚਨਾਵਾਂ ਹਨ। 'ਮਾਸਟਰ' ਕਵਿਤਾ ਦਾ ਇਹ ਬਿੰਬ ਧਿਆਨਯੋਗ ਹੈ—

"ਬਰਸਾ ਨੇ ਬੇਬਸ ਬੱਚਿਆਂ ਤੇ ਮਿੱਟ ਮਿੱਟ ਵਿਚ ਪੰਜ ਤੁਮਾਚੇ
ਦੁਖਰਨ ਮਾਸਟਰ ਘੜਦੇ ਨੇ ਕਿਸੇ ਤਰ੍ਹਾਂ ਆਦਮ ਦੇ ਸਾਂਚੇ"

ਸਿਰਫ ਏਨਾਂ ਹੀ ਨਹੀਂ, ਕਵਿਤਾ ਵਿਚ 'ਆਦਮ ਦੇ ਸਾਂਚੇ' ਢਾਲਣ ਦੀ ਫੈਕਟਰੀ ਸਕੂਲ ਦਾ ਵੀ ਚਿੱਤਰ ਖਿੱਚਿਆ ਹੈ—ਜਿਸਦੀਆਂ ਸ਼ਹਿਤੀਰਾਂ ਘੁਣ ਖਾਧੀਆਂ ਹਨ, ਕੰਧਾਂ ਪਾਟੀਆਂ ਹਨ, ਛੱਤਾਂ ਚੋਂਦੀਆਂ ਹਨ ਤੇ ਜਿਥੇ ਮਾਸਟਰਾਂ ਨੂੰ ਮਹੀਨਿਆਂ ਤੋਂ ਤਨਖਾਹ ਨਹੀਂ ਮਿਲਦੀ। ਆਪਣੇ ਜਾਣੇ ਪਛਾਣੇ ਵਿਅੰਗਾਤਮਕ ਅੰਦਾਜ਼ ਵਿਚ ਨਾਗਾਰੁਜਨ ਨੇ 'ਅਜ਼ਾਦ ਹਿੰਦੁਸਤਾਨ' ਦੇ ਨਵੇਂ ਸ਼ਹਿਰੀ ਬਨਾਉਣ ਦੀ ਪੂਰੀ ਹਾਲਤ ਨੂੰ, ਸਿੱਖਿਆ ਢਾਂਚੇ ਨੂੰ, ਖਾਸ ਕਰ ਪ੍ਰਾਇਮਰੀ ਸਿੱਖਿਆ ਦੀ ਹਾਲਤ ਨੂੰ ਇਕ ਕਵਿਤਾ ਰਾਹੀਂ ਉਘਾੜ ਕੇ ਰੱਖ ਦਿੱਤਾ ਹੈ।

ਇੰਗਲੈਂਡ ਦੀ ਰਾਣੀ ਦੇ ਭਾਰਤ ਦੌਰੇ ਸਮੇਂ ਨਾਗਾਰੁਜਨ ਨੇ ਹਿੰਦੁਸਤਾਨ ਦੇ ਨਵੇਂ ਹਾਕਮਾਂ ਦੀ ਗੁਲਾਮ ਬਿਰਤੀ ਨੂੰ ਆਪਣੀ ਕਲਮ ਦੇ ਤਿੱਖੇ ਨਸ਼ਤਰ ਨਾਲ ਉਘਾੜ ਦਿੱਤਾ—

'ਆਓ ਰਾਣੀ ਅਸੀਂ ਢੋਵਾਂਗੇ ਪਾਲਕੀ
ਇਹੋ ਰਾਇ ਬਣੀ ਹੈ, ਜਵਾਹਰ ਲਾਲ ਦੀ
ਰਫੂ ਕਰਾਂਗੇ ਫਟੇ ਪੁਰਾਣੇ ਜਾਲ ਨੂੰ
ਰਾਇ ਇਹੋ ਬਣੀ ਹੈ, ਜਵਾਹਰ ਲਾਲ ਦੀ।
ਆਓ ਰਾਣੀ, ਅਸੀਂ ਢੋਵਾਂਗੇ ਪਾਲਕੀ।'

ਨਾਗਾਰੁਜਨ ਦੀ ਕਵਿਤਾ ਦੇ ਵਿਸ਼ਿਆਂ ਦਾ ਘੇਰਾ ਬੇਹੱਦ ਵਿਸ਼ਾਲ ਹੈ। ਉਹ ਰਾਜਨੀਤੀ ਬਾਰੇ ਲਿਖਣ, ਮਨੁੱਖੀ ਸਥਿਤੀਆਂ ਬਾਰੇ ਜਾਂ ਪ੍ਰਕਿਰਤੀ ਬਾਰੇ, ਉਨ੍ਹਾਂ ਕੋਲ ਬਿੰਬਾਂ ਦੀ ਕੋਈ ਕਮੀ ਨਹੀਂ, ਉਨ੍ਹਾਂ ਦੀ ਹਰ ਕਵਿਤਾ ਤਾਜ਼ਗੀ ਦਾ ਅਹਿਸਾਸ ਦਿੰਦੀ ਹੈ, ਉਹ ਕਿਤੇ ਵੀ ਆਪਣੇ ਆਪਣੇ ਆਪ ਨੂੰ ਦੁਹਰਾਉਂਦੇ ਨਹੀਂ।

'ਤਿੰਨ ਬਾਂਦਰ ਬਾਪੂ ਦੇ' ਉਨ੍ਹਾਂ ਦੀ ਤਿੱਖੀ ਰਾਜਨੀਤਕ ਕਵਿਤਾ ਹੈ, ਜਿਸ ਵਿਚ ਉਨ੍ਹਾਂ ਨੇ ਗਾਂਧੀ ਦਾ ਨਾਂ ਲੈ ਕੇ ਜਨਤਾ ਨੂੰ ਮੂਰਖ ਬਣਾ ਰਹੇ ਅੱਜ ਦੇ ਸਿਆਸਤਦਾਨਾਂ ਦੇ ਚਿਹਰੇ ਉਘਾੜੇ ਹਨ—

ਮੁੰਨ ਰਹੇ ਦੁਨੀਆਂ ਜਹਾਨ ਨੂੰ ਤਿੰਨੇ ਬਾਂਦਰ ਬਾਪੂ ਦੇ
ਚਿੜਾ ਰਹੇ ਨੇ ਆਸਮਾਨ ਨੂੰ ਤਿੰਨੇ ਬਾਂਦਰ ਬਾਪੂ ਦੇ

ਐਮਰਜੈਂਸੀ ਦੇ ਦਿਨਾਂ ਵਿਚ ਵੀ ਨਾਗਾਰੁਜਨ ਨੇ ਕਾਫ਼ੀ ਕਵਿਤਾਵਾਂ ਲਿਖੀਆਂ। ਹਾਲਾਂਕਿ ਆਪਣੀ ਭਟਕਣਾ ਵਾਲੇ ਸੁਭਾਅ ਕਰਕੇ ਇਕੋ ਵੇਰਾਂ ਉਹ ਵੀਹ ਨੁਕਤਿਆਂ ਦੀ ਹਿਮਾਇਤ ਵੀ ਕਰ ਗਏ, ਪਰ ਆਪਣੀਆਂ ਕਈ ਕਵਿਤਾਵਾਂ ਵਿਚ ਉਨ੍ਹਾਂ ਨੇ ਉਨ੍ਹਾਂ ਦਿਨਾਂ ਦੀ ਹਕੀਕਤ ਉਘਾੜੀ, ਜਿਵੇਂ 'ਸੱਚ' ਕਵਿਤਾ ਵਿਚ—

ਜੀ ਹਾਂ, ਸੱਚ ਨੂੰ ਲਕਵਾ ਮਾਰ ਗਿਆ ਹੈ

ਉਸਨੂੰ ਐਮਰਜੈਂਸੀ ਦਾ ਸ਼ਾਕ ਲੱਗਿਆ ਹੈ
ਲਗਦਾ ਹੈ, ਹੁਣ ਉਹ ਕਿਸੇ ਕੰਮ ਦਾ ਨਾ ਰਿਹਾ
ਜੀ ਹਾਂ, ਸੱਚ ਹੁਣ ਪਿਆ ਰਹੇਗਾ
ਲੋਥ ਵਾਂਗ ਧੜਕਣ ਰਹਿਤ ਮਾਂਸਲ ਦੇਹ ਵਾਂਗ !'

ਇੰਦਰਾ ਗਾਂਧੀ ਨੂੰ ਕੇਂਦਰ ਵਿਚ ਰੱਖ ਕੇ ਵੀ ਨਾਗਾਰਜੁਨ ਨੇ ਕਈ ਕਵਿਤਾਵਾਂ ਲਿਖੀਆਂ ਤੇ ਉਸਨੂੰ ਤਾਨਾਸ਼ਾਹੀ ਤੇ ਅਤਿਆਚਾਰਾਂ ਦਾ ਬਿੰਬ ਬਣਾ ਕੇ ਪੇਸ਼ ਕੀਤਾ।

'ਹਰੀਜਨ ਗਾਥਾ' ਲੰਬੀ ਕਵਿਤਾ ਵਿਚ ਨਾਗਾਰਜੁਨ ਨੇ ਦਿਖਾਇਆ ਕਿ ਕਰਾਂਤੀ ਦੇ ਨਾਇਕ ਦਾ ਬਿਹਾਰ ਦੇ ਕਿਸਾਨ ਘੋਲ ਵਿਚ ਜਨਮ ਹੋ ਚੁੱਕਿਆ ਹੈ ਤੇ ਹੁਣ ਉਹ ਹਥਿਆਰਬੰਦ ਘੋਲ ਰਾਹੀਂ ਕਰਾਂਤੀ ਨੂੰ ਸਫਲਤਾ ਦੀ ਮੰਜ਼ਿਲ ਤੇ ਲੈ ਜਾਏਗਾ।

ਨਕਸਲਬਾੜੀ ਅੰਦੋਲਨ ਤੋਂ ਹੀ ਪ੍ਰੇਰਤ 'ਭੋਜਪੁਰ' ਕਵਿਤਾ ਵਿਚ ਨਾਗਾਰਜੁਨ ਦਾ ਦਿਲ ਛਾਲਾਂ ਮਾਰਦਾ ਹੈ :

'ਮੁੰਨਾ ਮੈਨੂੰ
ਪਟਨੇ-ਦਿੱਲੀ ਨਾ ਜਾਣ ਦੇ
ਭੂਮੀ ਪੁੱਤਰ ਦੇ ਸੰਗਰਾਮੀ ਤੇਵਰ ਲਿਖਣ ਦੇ
ਪੁਲਿਸ ਦਮਨ ਦਾ ਸੁਆਦ ਵੀ ਤਾਂ ਚੱਖਣ ਦੇ
ਮੁੰਨਾ ਮੈਨੂੰ ਕੋਲ ਆਉਣ ਦੇ
ਪਟਨੇ-ਦਿੱਲੀ ਨਾ ਜਾਣ ਦੇ
ਇਹੋ ਅਹਿੰਸਾ ਦੀ ਸਮਾਧੀ ਹੈ
ਇਹੋ ਕ਼ਬਰ ਹੈ ਪਾਰਲੀਮੈਂਟ ਦੀ
ਭਗਤ ਸਿੰਘ ਨੇ ਨਵਾਂ ਨਵਾਂ ਅਵਤਾਰ ਧਾਰਿਆ
ਓਇ ਇਥੇ ਹੀ
ਓਇ ਇਥੇ ਹੀ
ਜਨਮ ਲੈ ਰਹੇ
ਅਜ਼ਾਦ ਚੰਦਰ ਸ਼ੇਖਰ ਵੀਰਾ ਵੀ
ਇਥੇ ਹੀ ਕਿਤੇ ਬੈਕੁੰਠ ਸ਼ੁਕਲ ਹੈ
ਇਥੇ ਕਿਤੇ ਬਾਘਾ ਜਤੀਨ ਹੈ
ਇਹੋ ਅਹਿੰਸਾ ਦੀ ਸਮਾਧੀ ਹੈ...'

ਏਸ ਕਵਿਤਾ ਰਾਹੀਂ ਨਾਗਾਰਜੁਨ ਨੇ ਭੋਜਪੁਰ ਦੇ ਕਿਸਾਨ ਸੰਗਰਾਮ ਨੂੰ ਭਾਰਤ ਦੀ ਇਨਕਲਾਬੀ ਵਿਰਾਸਤ ਨਾਲ ਜੋੜ ਕੇ ਪੇਸ਼ ਕੀਤਾ ਹੈ, ਇਹੋ ਉਨ੍ਹਾਂ ਦੀ ਕਵਿਤਾ ਦੀ ਤਾਕਤ ਹੈ।

1983 ਵਿਚ ਰਚੀ ਕਵਿਤਾ 'ਵੋ ਹਮੇਂ ਚੇਤਾਵਨੀ ਦੇ ਗਏ ਹੈਂ' ਵਿਚ ਨਾਗਾਰਜੁਨ ਨੇ ਕਰਾਂਤੀਕਾਰੀ ਕਵੀਆਂ ਨਾਲ ਇਹ ਵਿਵਸਥਾ ਕਿਸ ਤਰ੍ਹਾਂ ਪੇਸ਼ ਆਉਂਦੀ ਹੈ, ਇਸ ਦਾ ਬਿਆਨ ਚਾਰ ਪੰਜ ਖੂੰਖਾਰੂ ਚਿਹਰਿਆਂ ਦੀ ਫੈਂਟੇਸੀ ਨਾਲ ਕੀਤਾ ਹੈ ਕਿ ਕਿਵੇਂ ਇਹ ਖੂੰਖਾਰ ਚਿਹਰੇ ਕਰਾਂਤੀਕਾਰੀ ਕਵੀ ਨੂੰ ਤਰਾਸ ਦੇਣ ਦਾ ਜਤਨ ਕਰਦੇ ਹਨ।

ਸਿੱਧੇ ਰੂਪ ਵਿਚ ਰਾਜਨੀਤਕ ਕਵਿਤਾਵਾਂ ਤੋਂ ਇਲਾਵਾ ਨਾਗਾਰਜੁਨ ਨੇ ਸਧਾਰਣ ਮਨੁੱਖੀ ਸਥਿਤੀਆਂ ਦੇ ਬਿਆਨ, ਸਮਾਜੀ ਵਾਤਾਵਰਣ ਦੇ ਮਾਹੌਲ ਦੇ ਚਿਤਰਣ ਆਦਿ ਰਾਹੀਂ ਵੀ ਆਪਣੀ ਰਾਜਨੀਤਕ ਦ੍ਰਿਸ਼ਟੀ ਨੂੰ ਪ੍ਰਗਟਾਇਆ ਹੈ। 'ਤੇਰੀ ਖੋਪੜੀ ਅੰਦਰ' 1983 ਵਿਚ ਮੇਰਠ ਦੇ ਸੰਪਰਦਾਇਕ ਫਸਾਦਾਂ ਤੇ ਰਚੀ ਬੇਹੱਦ ਮਾਰਮਕ ਕਵਿਤਾ ਹੈ। ਇਸ ਕਵਿਤਾ ਵਿਚ ਜਾਨ ਬਚਾਉਣ ਦਾ ਮਾਰਿਆ ਗਰੀਬ ਰਿਕਸ਼ਾ ਵਾਲਾ ਕੱਲੂ ਯਾਨੀ ਕਲੀਮੁਦੀਨ ਆਪਣਾ ਨਾਂ ਪ੍ਰੇਮ ਪ੍ਰਕਾਸ਼ ਰੱਖ ਲੈਂਦਾ ਹੈ। 'ਘਿਨ ਤੋ ਨਹੀਂ ਆਤੀ' ਕਵਿਤਾ ਵਿਚ ਕਲਕੱਤੇ ਦੀ ਇਕ ਟਰਾਮ ਵਿਚ ਮੱਧਵਰਗੀ ਸਫੇਦਪੋਸ਼ਾਂ ਨਾਲ ਸਫ਼ਰ ਕਰ ਰਹੇ ਗਰੀਬ ਮਜ਼ਦੂਰਾਂ ਨੂੰ ਦੇਖ ਕੇ ਮੱਧ ਵਰਗ ਤੇ ਵਿਅੰਗ ਕੀਤਾ ਗਿਆ ਹੈ।

ਰਾਜਨੀਤਕ ਕਵਿਤਾ ਤੋਂ ਇਲਾਵਾ ਨਾਗਾਰਜੁਨ ਨੇ ਪ੍ਰੇਮ ਭਾਵਨਾਵਾਂ ਤੇ ਪ੍ਰਕਿਰਤੀ ਦੀ ਸੁੰਦਰਤਾ ਨੂੰ ਲੈ ਕੇ ਵੀ ਅਣਗਿਣਤ ਸੂਖਮ ਤੇ ਸੁਹੱਪਣ ਭਰਪੂਰ ਕਵਿਤਾਵਾਂ ਰਚੀਆਂ ਹਨ। 'ਬਾਦਲ ਨੂੰ ਘਿਰਦਿਆਂ ਵੇਖਿਆ ਹੈ', 'ਬਰਫ ਪਈ ਹੈ', 'ਰਿਤੂ ਸੰਧੀ', 'ਮੇਘ ਵਜੇ', 'ਭਰ ਰਿਹਾ ਹੈ ਚਮਨ', 'ਕਾਲੇ ਕਾਲੇ' ਆਦਿ ਕਵਿਤਾਵਾਂ ਵਿਚ ਨਾਗਾਰਜੁਨ ਨੇ ਪ੍ਰਕਿਰਤੀ ਦੀ ਸੁੰਦਰਤਾ ਨੂੰ ਮਨ ਦੀ ਭਰਪੂਰਤਾ ਨਾਲ ਅੰਕਤ ਕੀਤਾ ਹੈ।

ਪ੍ਰੇਮ ਭਾਵਨਾਵਾਂ ਵਾਲੀਆਂ ਕਵਿਤਾਵਾਂ ਵਿਚ 'ਤਨ ਗਈ ਹੈ ਰੀੜ' ਪ੍ਰੇਮ ਕਵਿਤਾ ਦਾ ਪ੍ਰਗਤੀਸ਼ੀਲ ਪੱਖ ਪੇਸ਼ ਕਰਦੀ ਹੈ। 'ਗੁਲਾਬੀ ਚੂੜੀਆਂ' ਇਕ ਬਸ ਡਰਾਈਵਰ ਦੇ ਪਿਤਾ ਪਿਆਰ ਨੂੰ ਉਘਾੜਦੀ ਹੈ ਤੇ 'ਸ਼ਾਲਵਨ ਕੇ ਨਿਬਿੜ ਟਾਪੂ ਮੇਂ' ਆਦਿਵਾਸੀਆਂ ਨਾਲ ਸੰਪਰਕ ਨੂੰ ਮਨੁੱਖੀ ਪ੍ਰੇਮ ਵਿਚ ਰੰਗ ਕੇ ਸਾਹਮਣੇ ਰੱਖਦੀ ਹੈ।

ਨਾਗਾਰਜੁਨ ਨੇ ਦੁਨੀਆਂ ਦੇ ਮਹਾਨ ਇਨਕਲਾਬੀ ਲੇਖਕਾਂ 'ਬਰਤੋਲਤ ਬਰੈਖਤ', 'ਲੂਸ਼ੁਨ' ਆਦਿ ਨੂੰ ਸ਼ਬਦ ਚਿੱਤਰਾਂ ਵਿਚ ਪ੍ਰਸਤੁਤ ਕੀਤਾ ਹੈ।

ਨਾਗਾਰਜੁਨ ਦੀ ਕਾਵਿ-ਵਿਸ਼ੇਸ਼ਤਾ, ਕਹਾਣੀ ਤੱਤ ਦੀ ਪ੍ਰਧਾਨਤਾ ਹੈ, ਉਨ੍ਹਾਂ ਦੀ ਹਰ ਕਵਿਤਾ ਜਿਵੇਂ ਆਪਣੇ ਅੰਦਰ ਇਕ ਕਹਾਣੀ ਨੂੰ ਸਮੇਟੀ ਬੈਠੀ ਹੈ। ਉਨ੍ਹਾਂ ਰੇਖਾ ਚਿੱਤਰ ਤੇ ਸ਼ਬਦ ਚਿੱਤਰ ਟੈਕਨੀਕ ਨੂੰ ਵੀ ਕਾਵਿ ਰੂਪ ਦਿੱਤਾ ਹੈ। ਵਿਸ਼ੇ ਭਾਵੇਂ ਉਨ੍ਹਾਂ ਦੇ ਕਿੰਨੇ ਵੀ ਵਿਆਪਕ ਹੋਣ, ਉਨ੍ਹਾਂ ਵਿਚ ਸੁੰਦਰਤਾ ਦਾ ਸਹਿਜ ਵਹਾਅ ਹੈ। ਆਪਣੀ ਮਨੁੱਖੀ ਸੰਵੇਦਨਾ ਨਾਲ ਉਹ ਕਿਸੇ ਵੀ ਸਧਾਰਣ ਤੋਂ ਸਧਾਰਣ ਜੀਵਨ-ਦ੍ਰਿਸ਼ ਨੂੰ ਕਾਵਿ ਰੂਪ ਦੇਣ ਦੀ ਸਮਰੱਥਾ ਰੱਖਦੇ ਹਨ। ਉਨ੍ਹਾਂ ਦੀ ਵਿਅੰਗ ਸ਼ਕਤੀ ਤੋਂ ਡਾ. ਨਾਮਵਰ ਸਿੰਘ ਏਨੇ ਪ੍ਰਭਾਵਤ ਹਨ ਕਿ ਕਬੀਰ ਤੋਂ

ਬਾਦ ਹਿੰਦੀ ਕਵਿਤਾ ਵਿਚ ਨਾਗਾਰੁਜਨ ਨੂੰ ਹੀ ਉਹ ਸਭ ਤੋਂ ਵੱਡਾ ਵਿਅੰਗਕਾਰ ਮੰਨਦੇ ਹਨ।

ਡਾ. ਰਾਮ ਵਿਲਾਸ ਸ਼ਰਮਾ ਤਾਂ ਨਾਗਾਰੁਜਨ ਦੀ ਕਵਿਤਾ ਨੂੰ ਪੜ੍ਹ ਕੇ ਅਸ਼ ਅਸ਼ ਕਰਦੇ ਉਠਦੇ ਹਨ। ਉਹ ਮੰਨਦੇ ਹਨ ਕਿ ਨਾਗਾਰੁਜਨ ਨੇ ਲੋਕ ਪ੍ਰੀਅਤਾ ਤੇ ਕਲਾਤਮਕ ਸੁਹਜ ਦੇ ਸੰਤੁਲਨ ਦੀ ਸਮੱਸਿਆ ਨੂੰ ਜਿੰਨੀ ਸਫਲਤਾ ਨਾਲ ਹੱਲ ਕੀਤਾ ਹੈ, ਏਨੀ ਸਫਲਤਾ ਹਿੰਦੀ ਤੋਂ ਬਾਹਰਲੇ ਕਵੀਆਂ ਨੂੰ ਵੀ ਘੱਟ ਹੀ ਹਾਸਲ ਹੋਈ ਹੈ। ਕਦਾਰ ਨਾਥ ਅਗਰਵਾਲ ਦੇ ਸ਼ਬਦਾਂ ਵਿਚ—

ਆਓ ਸਾਥੀ ਗਲੇ ਲਾ ਲਵਾਂ/
ਤੈਨੂੰ ਤੇਰੀ ਮਿਥਿਲਾ ਦੀ ਪਿਆਰੀ ਧਰਤੀ ਨੂੰ/
ਤੇਰੇ 'ਚ ਵਿਆਪੇ ਵਿਦਿਆਪਤੀ ਨੂੰ

## ਗੋਰਖ ਪਾਂਡੇ

ਪੂਰਬੀ ਉੱਤਰ ਪ੍ਰਦੇਸ਼ ਤੇ ਬਿਹਾਰ ਦੇ ਕੁੱਝ ਹਿੱਸਿਆਂ ਵਿਚ ਕਾਫੀ ਪਿੰਡਾਂ ਵਿਚ ਗੋਰਖ ਪਾਂਡੇ ਦੇ ਗੀਤ ਏਨੇ ਹੀ ਜਾਣੇ-ਪਛਾਣੇ ਹਨ, ਜਿਵੇਂ ਪੰਜਾਬ ਦੇ ਪਿੰਡਾਂ ਵਿਚ ਗੁਰਸ਼ਰਨ ਸਿੰਘ ਦੇ ਨਾਟਕ। ਗੋਰਖ ਪਾਂਡੇ ਦੇ ਭੋਜਪੁਰੀ 'ਚ ਰਚੇ ਇਨਕਲਾਬੀ ਗੀਤਾਂ ਨੂੰ ਸੁਣਕੇ ਉਨ੍ਹਾਂ ਬਾਰੇ ਸ਼ਾਇਦ ਹੀ ਇਹ ਚਿੱਤਰ ਬਣੇ ਕਿ ਉਹ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਤੋਂ ਫਿਲਾਸਫ਼ੀ ਦੇ ਡਾਕਟਰ ਹਨ। ਉਤੱਰ ਪ੍ਰਦੇਸ਼ ਦੇ ਦੇਵਰਿਆ ਜ਼ਿਲੇ ਵਿਚ 1945 ਵਿਚ ਪੈਦਾ ਹੋਏ ਗੋਰਖ ਪਾਂਡੇ 1969 ਤੋਂ ਕਿਸਾਨ ਅੰਦੋਲਨ ਨਾਲ ਜੁੜੇ ਅਤੇ ਅੰਦੋਲਨ ਨੇ ਹੀ ਉਨ੍ਹਾਂ ਦੀ ਸਿਰਜਣਾ ਬਿਰਤੀ ਨੂੰ ਪ੍ਰੇਰਨਾ ਦਿੱਤੀ।

ਡਾਂ : ਗੋਰਖ ਪਾਂਡੇ ਦਾ ਹਾਲੀ ਤੀਕ ਇਕ ਕਾਵਿ ਸੰਗ੍ਰਹਿ ਪ੍ਰਕਾਸ਼ਤ ਹੋਇਆ ਹੈ—1983 ਵਿਚ ਛਪਿਆ 'ਜਾਗ੍ਰਤੇ ਰਹੋ—ਸੋਨੇ ਵਾਲੋ'। ਇਸ ਸੰਗ੍ਰਹਿ ਵਿਚ ਤਿੰਨ ਖੰਡਾਂ ਵਿਚ ਉਨ੍ਹਾਂ ਦੀਆਂ 60 ਕਵਿਤਾਵਾਂ ਸ਼ਾਮਲ ਹਨ, ਜਿਨ੍ਹਾਂ ਵਿਚੋਂ 'ਗੁਹਾਰ' ਖੰਡ ਵਿਚ ਭੋਜਪੁਰੀ ਦੇ 12 ਗੀਤ ਵੀ ਹਨ—ਦੂਜੇ ਦੋ ਖੰਡਾਂ 'ਫੂਲ ਔਰ ਉਮੰਦ' ਵਿਚ 29 ਕਵਿਤਾਵਾਂ ਅਤੇ 'ਹੋਣਾ ਆਮ ਕਾ' ਵਿਚ 19 ਕਵਿਤਾਵਾਂ ਸ਼ਾਮਲ ਹਨ। ਏਸ ਸੰਗ੍ਰਿਹ ਦੇ ਛਪਣ ਬਾਦ ਵੀ ਗੋਰਖ ਪਾਂਡੇ ਦੀਆਂ ਕਈ ਕਵਿਤਾਵਾਂ ਪੱਤਰਕਾਵਾਂ ਵਿਚ ਛਪੀਆਂ ਹਨ। ਉਨ੍ਹਾਂ ਦੇ ਨੌ ਭੋਜਪੁਰੀ ਗੀਤ ਪਹਿਲੋਂ "ਹਿਰਾਵਲ" ਪੱਤਰਕਾ ਵਿਚ ਵੀ ਛਪੇ। ਅਸਲ ਵਿਚ ਉਨ੍ਹਾਂ ਨੂੰ ਕਵੀ ਰੂਪ ਵਿਚ ਮਕਬੂਲੀਅਤ ਉਨ੍ਹਾਂ ਦੇ ਭੋਜਪੁਰੀ ਗੀਤਾਂ ਤੋਂ ਹੀ ਵਧੇਰੇ ਮਿਲੀ ਤੇ ਇਹ ਮਕਬੂਲੀਅਤ ਕਿਸਾਨਾਂ—ਮਜ਼ਦੂਰਾਂ ਤੇ ਬੌਧਿਕ ਹਲਕਿਆਂ ਦੋਵਾਂ ਵਿਚ ਸਮਾਨ ਰੂਪ ਵਿਚ ਮਿਲੀ। ਗੋਰਖ ਪਾਂਡੇ ਉਨ੍ਹਾਂ ਸੁਭਾਗੇ ਪਰ ਥੋੜੇ ਕਵੀਆਂ ਵਿਚੋਂ ਹਨ, ਜਿੰਨ੍ਹਾਂ ਦੀ ਕਵਿਤਾ ਨੂੰ ਏਨੇ ਵਿਸ਼ਾਲ ਪੱਧਰ ਤੇ ਮਕਬੂਲੀਅਤ ਹਾਸਲ ਹੁੰਦੀ ਹੈ। ਉਨ੍ਹਾਂ ਦੀ ਕਾਵਿ ਪ੍ਰਤਿਭਾ ਨੂੰ ਸਨਮਾਨਦਿਆਂ ਏਸ ਵਰ੍ਹੇ ਦਾ 'ਓਮ ਪ੍ਰਕਾਸ਼ ਸਿਮ੍ਰਤੀ ਪੁਰਸਕਾਰ' ਵੀ ਉਨ੍ਹਾਂ ਨੂੰ ਮਿਲਿਆ ਹੈ, ਜੋ ਇਕ ਪ੍ਰਕਾਸ਼ਨ ਸੰਸਥਾਨ-ਰਾਧਾਕ੍ਰਿਸ਼ਨ ਪ੍ਰਕਾਸ਼ਨ ਹਰ ਵਰ੍ਹੇ ਇਕ ਨੌਜਵਾਨ ਲੇਖਕ ਨੂੰ ਦਿੰਦਾ ਹੈ।

ਗੋਰਖ ਪਾਂਡੇ ਨੂੰ ਲੋਕ-ਸੰਗੀਤ ਦੀ ਬੜੀ ਡੂੰਘੀ ਸਮਝ ਹੈ ਅਤੇ ਆਪਣੀਆਂ ਆਪਣੀਆਂ ਕਵਿਤਾਵਾਂ-ਗੀਤਾਂ ਨੂੰ ਉਨ੍ਹਾਂ ਲੋਕ-ਸੰਗੀਤ ਦੀ ਪਾਣ ਚੜ੍ਹਾਈ ਹੈ। ਆਪਣੀ ਰਚਨਾ ਰਾਹੀਂ ਗੋਰਖ ਪਾਂਡੇ ਲੋਕ-ਸੰਵੇਦਨਾ ਨੂੰ ਜਮਾਤੀ ਸੂਝ-ਬੂਝ ਨਾਲ ਲੈਸ ਕਰਨ ਦਾ ਕਾਰਜ ਪੂਰਾ ਕਰਦੇ ਹਨ।

ਗੋਰਖ ਪਾਂਡੇ ਜ਼ਾਹਰਾ ਰੂਪ ਵਿਚ ਇਕ ਵਿਚਾਰ-ਧਾਰਾ, ਇਕ ਰਾਜਨੀਤਕ ਅੰਦੋਲਨ ਨਾਲ ਜੁੜੇ ਹੋਏ ਕਵੀ ਹਨ, ਪਰ ਉਨ੍ਹਾਂ ਦੀ ਵਿਚਾਰਧਾਰਾ ਜਾਂ ਰਾਜਨੀਤਕ ਹਿੱਸੇਦਾਰੀ ਨੇ ਉਨ੍ਹਾਂ ਦੀ ਕਵਿਤਾ ਦੇ ਕਲਾ ਪੱਖ ਨੂੰ ਕਮਜ਼ੋਰ ਨਾ ਕਰਕੇ, ਸਗੋਂ ਵੱਧ ਨਿਖਾਰਿਆ ਹੈ। ਇਕ ਰਾਜਨੀਤਕ ਅੰਦੋਲਨ ਨਾਲ ਜੁੜਣ ਕਰਕੇ ਉਹ ਆਪਣੀ ਕਵਿਤਾ ਲਈ ਲੋਕ-ਜੀਵਨ ਤੋਂ ਅਜਿਹੀ ਭਰਪੂਰ ਤੇ ਵਿਸ਼ਾਲ ਸਮੱਗਰੀ ਲੈ ਆਏ ਹਨ, ਜਿਥੋਂ ਤੱਕ ਪਹੁੰਚਣ ਵਿਚ ਕੁਝ ਗੈਰ-ਰਾਜਨੀਤਕ ਕਵੀ ਕਤਰਾਉਂਦੇ ਹਨ। ਹਾਲਾਂ ਕਿ ਕਈ ਵਾਰ ਆਪਣੀ ਰਾਜਨੀਤਕ ਲਾਈਨ ਦੇ ਰੁਮਾਂਸ ਵਿਚ ਗੋਰਖ ਪਾਂਡੇ ਕਵਿਤਾ ਦੀਆਂ ਸੀਮਾਵਾਂ ਵੀ ਲੰਘ ਜਾਂਦੇ ਹਨ—ਜਿਵੇਂ 'ਜਨਤਾ ਕੇ ਪਲਟਨਿ' ਭੋਜਪੁਰੀ ਗੀਤ ਵਿਚ ਉਹ ਜਨਤਾ ਦੀ ਫੌਜ ਆਉਣ ਦੇ ਬਿੰਬ ਵਿਚ ਨਕਸਲਬਾੜੀ ਲਹਿਰ ਦੀ ਚਾਰੂਵਾਦੀ ਲਾਈਨ ਦਾ ਸਿੱਧਾ ਪ੍ਰਚਾਰ ਕਰਨ ਲਗਦੇ ਹਨ।

ਆਪਣੇ ਭੋਜਪੁਰੀ ਗੀਤਾਂ ਵਿਚ ਗੋਰਖ ਪਾਂਡੇ ਜਿੱਥੇ ਰਾਜਸੀ ਹਾਲਤ ਨੂੰ ਬਿਆਨ ਕਰਦੇ ਹਨ, ਉਥੇ ਵਿਅੰਗ ਦੀ ਛੋਹ ਨਾਲ ਉਨ੍ਹਾਂ ਦੇ ਗੀਤ ਉਨ੍ਹਾਂ ਦੇ ਵਿਰੋਧੀਆਂ ਦੇ ਮਨਾਂ ਅੰਦਰ ਵੀ ਧੱਸ ਜਾਂਦੇ ਹਨ—'ਸਮਾਜਵਾਦ' 'ਵੋਟ' ਤੇ 'ਅਬ ਨਾਹੀਂ' ਉਨ੍ਹਾਂ ਦੇ ਅਜਿਹੇ ਗੀਤ ਹਨ ਕਿ ਜਿਹੜੇ ਆਪਣੇ ਆਪ ਹੀ ਹੋਠਾਂ ਤੇ ਫੜਫੜਾਉਣ ਲਗਦੇ ਹਨ। 'ਵੋਟ' ਗੀਤ ਵਿਚ ਤਿੰਨ ਆਮ ਚੋਣਾਂ ਵਿਚ ਵੋਟ ਮੰਗਣ ਆਏ ਸਿਆਸੀ ਆਗੂਆਂ ਦੇ ਧੋਖੇ ਭਰੇ ਚਿਹਰੇ ਉਘਾੜੇ ਹਨ। ਪਹਿਲੀਆਂ ਚੋਣਾਂ ਵਿਚ ਜ਼ਮੀਨ ਦੁਆਉਣ, ਜਮੀਂਦਾਰੀ ਖਤਮ ਕਰਾਉਣ ਦਾ ਵਾਇਦਾ ਤੇ ਗਰੀਬ ਕਿਰਸਾਣਾਂ ਦੀਆਂ ਜਾਗੀਆ ਤੇ ਮਿਟੀਆਂ ਆਸਾਂ, ਦੂਜੀਆਂ ਚੋਣਾਂ ਵਿਚ ਪਾਣੀ ਦੇ ਸੁਫਨੇ ਤੇ ਕਨੂੰਨ ਦੇ ਡੰਡੇ ਦੀ ਮਾਰ, ਤੀਜੀਆਂ ਆਮ ਚੋਣਾਂ ਵਿਚ ਮਹਿਲਾਂ ਦੇ ਸੁਫਨੇ ਤੇ ਕਠਪੁਤਲੀਆ ਵਾਂਗ ਨਚਾਉਣ ਦੇ ਬਿੰਬਾਂ ਰਾਹੀਂ ਗੋਰਖ ਪਾਂਡੇ ਨੇ ਆਮ ਜਨਤਾ ਸਾਹਮਣੇ ਪਾਰਲੀਮੈਂਟਰੀ ਢਾਂਚੇ ਦੀ ਥੋਥ ਨੂੰ ਉਘਾੜਿਆ ਹੈ ਤੇ ਮਿਹਨਤਕਸ਼ ਜਨਤਾ ਨੂੰ ਚੇਤੰਨ

ਹੋ ਕੇ, ਰੂਸ-ਚੀਨ ਦੇਸਾਂ ਵਾਂਗ ਇਨਕਲਾਬ ਲਈ ਉੱਠਣ ਦਾ ਬਿੰਬ ਵੀ ਪੇਸ਼ ਕੀਤਾ ਹੈ :

ਸਮਾਜਵਾਦ, ਬਬੂਆ ਰੇ ਧੀਰੇ ਧੀਰੇ ਆਈ,
ਸਮਾਜਵਾਦ ਉਨਕੇ ਧੀਰੇ ਧੀਰੇ ਆਈ।

ਇਸ ਗੀਤ ਵਿਚ ਕਾਂਗਰਸ ਦੇ ਸਮਾਜਵਾਦ ਦੇ ਖੋਖਲੇਪਨ ਨੂੰ ਤਿੱਖੇ ਵਿਅੰਗ ਰਾਹੀਂ ਨੰਗਾ ਕੀਤਾ ਹੈ। ਅੰਗਰੇਜ਼ੀ ਵਾਜੇ, ਨੋਟਾਂ-ਵੋਟਾਂ ਨਾਲ ਆਉਂਦਾ ਸਮਾਜਵਾਦ ਸਿੱਧਾ ਬਿਰਲੇ ਦੇ ਘਰ ਜਾਂਦਾ ਹੈ। ਲਾਠੀਆਂ-ਸੋਟੀਆਂ ਨਾਲ ਆਉਂਦੇ ਸਮਾਜਵਾਦ ਦਾ ਨਾਂ 'ਅਹਿੰਸਾ' ਹੈ। ਇਸ ਰਚਨਾ ਨੇ ਅਨੇਕਾਂ ਸਰੋਤਿਆਂ-ਪਾਠਕਾਂ ਨੂੰ ਹਲੂਣਿਆ ਹੈ।

'ਅਬ ਨਾਹੀ' ਗੀਤ ਵਿਚ ਗੁਲਾਮੀ ਖਿਲਾਫ਼ ਬਗਾਵਤ ਦੀ ਅਵਾਜ਼ ਬੁਲੰਦ ਹੋਈ ਹੈ ਤੇ ਅਜ਼ਾਦੀ ਦਾ ਇਸ਼ਕ ਮਿਹਨਤਕਸ਼ਾਂ ਦੀ ਮਿਹਨਤ ਦੇ ਆਤਮ-ਗਿਆਨ ਚੋਂ ਪੈਦਾ ਹੋਇਆ ਹੈ। 'ਮੈਨਾ' ਗੀਤ ਵਿਚ ਲੋਕਕਥਾ ਦੀ ਖੂਬਸੂਰਤ ਵਰਤੋਂ ਹੋਈ ਹੈ।

ਆਪਣੀਆਂ ਕਵਿਤਾਵਾਂ ਵਿਚ ਗੋਰਖ ਪਾਂਡੇ ਨੇ ਮਨੁੱਖੀ ਜੀਵਨ ਦੇ ਅਨੇਕ ਪੱਖਾਂ ਨੂੰ ਛੋਹਿਆ ਹੈ। ਔਰਤ ਪ੍ਰਤੀ ਉਨ੍ਹਾਂ ਵਿਸ਼ੇਸ਼ ਸੰਵੇਦਨਾ ਤੇ ਹਮਦਰਦੀ ਨਾਲ ਕਵਿਤਾਵਾਂ ਰਚੀਆਂ ਹਨ। 'ਕੈਥਰਕਲਾ ਕੀ ਔਰਤੇਂ' ਕਵਿਤਾ ਵਿਚ ਉਨ੍ਹਾਂ ਨਕਸਲੀ ਚਿੰਗਾਰੀ ਦੇ ਅਸਰ ਹੇਠ ਕੈਥਰਕਲਾ ਦੀਆਂ ਔਰਤਾਂ ਰਾਹੀਂ ਆਪਣੇ ਹੀ ਦੱਬੂਪੁਣੇ ਦੇ ਖਿਲਾਫ਼ ਬਗਾਵਤ ਦਾ ਚਿੱਤਰ ਪੇਸ਼ ਕੀਤਾ ਹੈ, ਉਹ ਔਰਤਾਂ ਜੋ ਚੁੱਪਚਾਪ ਮਾਰ-ਕੁੱਟ —ਗਾਲ੍ਹਾਂ ਝੱਲਦੀਆਂ ਸਨ, ਹੁਣ ਨਕਸਲਵਾਦੀਆਂ ਨੂੰ ਗ੍ਰਿਫ਼ਤਾਰ ਕਰਨ ਆਈ ਪੁਲਸ ਨਾਲ ਭਿੜ ਜਾਣ ਦੀ ਹਿੰਮਤ ਹਾਸਲ ਕਰ ਲੈਂਦੀਆਂ ਹਨ ਤੇ ਪੁਲਸ ਨੂੰ ਭਜਾ ਦਿੰਦੀਆਂ ਹਨ। ਕਵੀ ਨੂੰ ਉਮੀਦ ਹੈ ਕਿ ਜਦ ਸਾਰੇ ਲੋਕ ਅਜ਼ਾਦ ਤੇ ਖੁਸ਼ਹਾਲ ਹੋਣਗੇ, ਉਦੋਂ ਕੈਥਰ ਕਲਾ ਦੀਆਂ ਔਰਤਾਂ ਨੂੰ ਪਹਿਲੀ ਕਤਾਰ ਵਿਚ ਸਨਮਾਨਿਆ ਜਾਵੇਗਾ।

ਗੋਰਖ ਪਾਂਡੇ ਲੋਕ-ਜੀਵਨ ਤੇ ਲੋਕ-ਗਾਥਾਵਾਂ ਦੇ ਅਮੀਰ ਵਿਰਸੇ ਨਾਲ ਭਰਪੂਰ ਕਵੀ ਹਨ। 'ਖੂਨ ਕੀ ਨਦੀ' ਕਵਿਤਾ ਵਿਚ ਉਹ ਰਾਜਕੁਮਾਰੀ ਤੇ ਮਾਲੀ ਦੇ ਪਿਆਰ ਨੂੰ ਰਾਜੇ ਦੇ ਜ਼ੁਲਮਾਂ ਨਾਲ ਕੁਚਲੇ ਜਾਣ ਦੀ ਲੋਕ-ਕਹਾਣੀ ਨੂੰ ਖੂਬਸੂਰਤ ਕਵਿਤਾ ਦਾ ਰੂਪ ਦਿੰਦੇ ਹਨ ਤੇ ਲੋਕ-ਕਹਾਣੀ ਦੇ ਮਾਲੀ ਰਾਜਕੁਮਾਰ ਦੇ ਵਿਆਹ ਹੋਣ ਦੇ ਸੁਹਾਵਣੇ ਭਰਮ ਨੂੰ ਤੋੜ ਕੇ ਉਸ ਕਹਾਣੀ ਨੂੰ ਯਥਾਰਥਵਾਦੀ ਰੰਗ 'ਚ ਰੰਗ ਕੇ ਪੇਸ਼ ਕਰਦੇ ਹਨ।

'ਬੰਦ ਖਿੜਕੀਓਂ ਸੇ ਟਕਰਾਕਰ' ਕਵਿਤਾ ਵਿਚ ਅੱਧੀ ਦੁਨੀਆਂ ਅਰਥਾਤ ਔਰਤਾਂ ਤੇ ਘਰ ਘਰ ਵਿਚ ਹੁੰਦੇ ਜ਼ੁਲਮ ਨੂੰ ਉਹ ਆਪਣੀ ਸੰਵੇਦਨਾ ਦੀ ਛੋਹ ਦਿੰਦੇ ਹਨ –

ਘਰ ਘਰ ਵਿਚ ਸ਼ਮਸ਼ਾਨ-ਘਾਟ ਹੈ
ਘਰ ਘਰ ਵਿਚ ਫਾਂਸੀ ਘਰ ਹੈ
ਘਰ ਘਰ ਵਿਚ ਦੀਵਾਰਾਂ ਨੂੰ
ਦੀਵਾਰਾਂ ਨਾਲ ਟਕਰਾ ਕੇ
ਡਿੱਗਦੀ ਹੈ ਉਹ
ਡਿੱਗਦੀ ਹੈ ਅੱਧੀ ਦੁਨੀਆ
ਸਾਰੀ ਮਨੁੱਖਤਾ ਡਿੱਗਦੀ ਹੈ
ਅਸੀਂ ਜੋ ਜ਼ਿੰਦਾ ਹਾਂ
ਅਸੀਂ ਸਭ ਦੋਸ਼ੀ ਹਾਂ
ਅਸੀਂ ਸਜ਼ਾਵਾਰ ਹਾਂ

ਔਰਤ ਤੇ ਜ਼ੁਲਮ ਨੂੰ ਉਹ ਪੂਰੀ ਮਨੁੱਖਤਾ ਦੀ ਗਿਰਾਵਟ ਦੇ ਰੂਪ ਵਿਚ ਵੇਖਦੇ ਹਨ, ਜੋ ਕਿ ਸਹੀ ਮਨੁੱਖੀ ਰਵੱਈਆ ਹੈ।

1978 ਵਿਚ ਰਚੀ 'ਦੰਗਾ' ਕਵਿਤਾ ਸੰਪਰਦਾਇਕ ਫਸਾਦਾਂ ਤੇ ਤਿੱਖੀ ਵਿਅੰਗਾਤਮਕ ਕਵਿਤਾ ਹੈ—

'ਛੁਰਾ ਖੋਭ ਕੇ ਉਹ ਚਿੱਲਾਏ—
ਹਰ ਹਰ ਸ਼ੰਕਰ
ਛੁਰਾ ਖੋਭ ਕੇ ਉਹ ਚਿੱਲਾਏ —
ਅੱਲਾਹ-ਹੋ-ਅਕਬਰ
ਸ਼ੋਰ ਖਤਮ ਹੋਣ ਤੇ
ਜੋ ਕੁਝ ਬਚ ਰਿਹਾ
ਉਹ ਸੀ ਛੁਰਾ
ਤੇ ਵਗਦਾ ਲਹੂ...

ਇਹ ਫਿਰਕੂ ਤਾਕਤਾਂ ਕਿੰਨੀ ਗੈਰ ਮਨੁੱਖੀ ਤੇ ਰਾਖਸ਼ਸ਼ੀ ਹਨ, ਇਸ ਵੱਲ ਗੋਰਖ ਪਾਂਡੇ ਨੇ ਏਸ ਸਥਿਤੀ ਨੂੰ ਚੋਣਾਂ ਨਾਲ ਜੋੜ ਕੇ ਸਪਸ਼ਟ ਕੀਤਾ ਹੈ—ਜਿੰਨਾਂ ਵੱਡਾ ਦੰਗਾ, ਓਨੀਆਂ ਵੱਧ ਵੋਟਾਂ।

'ਉਨਕਾ ਡਰ', 'ਸੱਚਾਈ' ਆਦਿ ਛੋਟੀਆਂ ਛੋਟੀਆਂ ਕਵਿਤਾਵਾਂ ਵਿਚ ਗੋਰਖ ਪਾਂਡੇ ਸੂਤਰ ਰੂਪ ਵਿਚ ਇਕ ਸੱਚਾਈ ਅੱਖਾਂ ਸਾਹਮਣੇ ਉਘਾੜ ਦਿੰਦੇ ਹਨ। 'ਆਂਖੇ ਦੇਖ ਕਰ' ਕਵਿਤਾ—

ਇਹ ਅੱਖਾਂ ਨੇ ਤੇਰੀਆਂ
ਤਕਲੀਫ਼ ਦਾ ਉਮੜਦਾ ਹੋਇਆ ਸਮੁੰਦਰ
ਏਸ ਦੁਨੀਆਂ ਨੂੰ
ਜਿੰਨੀ ਛੇਤੀ ਹੋਵੇ
ਬਦਲ ਦੇਣਾ ਚਾਹੀਦੈ

ਏਸ ਛੋਟੀ ਕਵਿਤਾ ਵਿਚ ਮਨੁੱਖੀ ਸੰਵੇਦਨਾ ਰਾਹੀਂ ਕਵੀ ਪਾਠਕ ਨੂੰ ਸਮਾਜੀ ਬਦਲ ਲਈ ਪ੍ਰੇਰਤ ਕਰ ਦਿੰਦਾ ਹੈ। 'ਸਮਝਦਾਰਾਂ ਦਾ ਗੀਤ'—ਗੋਰਖ ਪਾਂਡੇ ਦੀ ਮੁਕਾਬਲਤਨ ਲੰਮੀ ਕਵਿਤਾ ਹੈ ਤੇ ਇਸ ਵਿਚ ਬੁੱਧੀਜੀਵੀਆਂ ਦੇ ਮੌਕਾਪ੍ਰਸਤ ਚਰਿਤ੍ਰ ਤੇ ਤਿੱਖਾ ਵਿਅੰਗ ਕੀਤਾ ਗਿਆ ਹੈ। ਕਿਵੇਂ ਬੁੱਧੀਜੀਵੀ ਪਲ ਪਲ ਤੇ ਸਮਝੌਤੇ ਕਰਦੇ ਹਨ ਤੇ ਸਮਝੌਤਿਆਂ ਨੂੰ ਤਰਕ ਦੀ ਗੋਲ-ਮੋਲ ਭਾਸ਼ਾ ਵਿਚ

ਉਲਝਾਉਂਦੇ ਹਨ ।

'ਸਾਤ ਸੁਰੋਂ ਮੇਂ ਪੁਕਾਰਤਾ ਹੈ ਪਿਆਰ'—ਵਿਰ ਲੋਕ ਗੀਤ ਤੇ ਅਧਾਰਤ ਇਕ ਬੇਹੱਦ ਖੂਬਸੂਰਤ ਕਵਿਤਾ ਹੈ, ਜਿਸ ਵਿਚ ਔਰਤ ਦੀ ਪਿਆਰ ਭੁੱਖ ਨੂੰ ਵਾਣੀ ਦਿੱਤੀ ਹੈ। ਉਹ ਮਹਿਲ ਅਟਾਰੀਆਂ ਨਹੀਂ, ਪਿਆਰ ਚਾਹੁੰਦੀ ਹੈ:

ਮਾਂ, ਮੈਂ ਜੋਗੀ ਨਾਲ ਜਾਵਾਂਗੀ
ਤੂੰ ਜਾਣਿਆ ਹੈ ਕਿਸ ਤਰ੍ਹਾਂ
ਔਰਤ ਦਾ ਕਲੇਜਾ ਪੱਥਰ ਹੋ ਜਾਂਦੈ
ਔਰਤ ਪੱਥਰ ਬਣ ਜਾਂਦੀ ਐ
ਮਹਿਲ ਅਟਾਰੀ ਵਿਚ
ਸਜਾਉਣ ਲਾਇਕ

ਗੋਰਖ ਪਾਂਡੇ ਨੇ ਕਲਾ ਦੀ ਸਮਾਜਕ ਸਾਰਥਕਤਾ ਤੇ ਕਲਾ ਨੂੰ ਸਰਕਾਰੀ ਸਰਪ੍ਰਸਤੀ ਆਦਿ ਵਿਸ਼ਿਆਂ ਨੂੰ ਅਧਾਰ ਬਣਾ ਕੇ ਵੀ ਕਵਿਤਾਵਾਂ ਲਿਖੀਆਂ ਹਨ। 1981 'ਚ ਮਹੇਸ਼ਵਰ ਨੂੰ ਲਿਖੀ ਪੱਤਰ ਰੂਪ ਵਿਚ ਲਿਖੀ ਕਵਿਤਾ ਵਿਚ ਉਹ ਵਿਅੰਗ ਰੂਪ ਵਿਚ ਕਹਿੰਦੇ ਹਨ—

ਸਰਕਾਰ ਚੀਨੀ ਦੇ ਨਾਲ
ਕਵਿਤਾ ਵੀ ਕੰਟਰੋਲ ਰੇਟ ਤੇ
ਮੁਹੱਈਆ ਕਰੇਗੀ
ਕਵਿਤਾ ਦਾ ਹਰ ਪਦ
ਸ਼ਹਿਦ ਦੇ ਛੱਤੇ ਵਰਗਾ ਹੋਵੇਗਾ
ਰਸ ਨਾਲ ਲਬਾਲਬ ਭਰਿਆ
ਮਿੱਠਾ ਅਤੇ
ਘਾਹ ਵਰਗਾ ਚਿਕਨਾ ਅਤੇ ਮੁਲਾਇਮ

ਕਲਾ ਨੂੰ ਸਿਰਫ ਸੁੰਦਰ ਦਾ ਚਿਤਰਣ ਕਰਨਾ ਚਾਹੀਦਾ ਹੈ, ਇਸ ਕਵਿਤਾ ਰਾਹੀਂ ਇਸ ਧਾਰਣਾ ਤੇ ਵਿਅੰਗ ਕੀਤਾ ਗਿਆ ਹੈ।

'ਹੋਣਾ ਆਮ ਕਾ' ਸਿਰਲੇਖ ਹੇਠ 'ਕਵਿਤਾ' 'ਉਸਕੋ ਫਾਂਸੀ ਦੇ ਦੋ', 'ਕਲਕੱਤਾ 1971', 'ਉਦੋਂ ਮੇਰੇ ਦੇਸ਼' ਆਦਿ ਉਨ੍ਹਾਂ ਦੀਆਂ ਪ੍ਰਸਿੱਧ ਕਵਿਤਾਵਾਂ ਸ਼ਾਮਲ ਹਨ। 'ਕਵਿਤਾ' ਵਿਚ 'ਕਵਿਤਾ ਨੂੰ ਯੁਗ ਦੀ ਨਬਜ਼' ਪਛਾਨਣ ਦੀ ਸਲਾਹ ਦਿੱਤੀ ਗਈ ਹੈ ਤੇ 'ਛਾਪਾਮਾਰ' ਰੂਪ ਧਾਰਣ ਦੀ ਵੀ। 'ਕਾਨੂੰਨ' ਕਵਿਤਾ ਵਿਚ ਦੇਸ਼ ਦੇ ਕਾਨੂੰਨ ਦੀ ਹਕੀਕਤ ਬਿਆਨੀ ਗਈ ਹੈ ਤੇ 'ਮੁਠਭੇੜਾਂ' (ਮੁਕਾਬਲੇ) ਦੀ ਹਕੀਕਤ ਵੀ। 'ਉਸਕੋ ਫਾਂਸੀ ਦੇ ਦੋ' ਕਵਿਤਾ ਵਿਚ ਕਿਸਾਨ ਇਨਕਲਾਬੀਆਂ ਨੂੰ ਫਾਂਸੀ ਦਿੱਤੇ ਜਾਣ ਤੋਂ ਪ੍ਰੇਰਤ ਹੋ ਕੇ ਰਚੀ ਕਵਿਤਾ ਹੈ, ਜਿਸ ਵਿਚ ਰੋਟੀ—ਕੱਪੜਾ—ਆਜ਼ਾਦੀ ਮੰਗਦੇ ਇਨਸਾਨਾਂ ਨੂੰ ਵਿਵਸਥਾ ਵੱਲੋਂ ਫਾਹੇ ਦੱਸਣ ਦੀ ਸਥਿਤੀ ਬਿਆਨੀ ਗਈ ਹੈ। 'ਅਧਿਨਾਇਕ ਬੰਦਨਾ' ਵਿਚ 'ਜਨ ਗਣ ਮਨ' ਦੀ ਪੈਰੋਡੀ ਹੈ। ਕਲਕੱਤਾ 1971 ਵਿਚ ਕਲਕੱਤੇ ਦੇ ਉਨ੍ਹਾਂ ਦਹਿਸ਼ਤਜ਼ਦਾ ਦਿਨਾਂ ਦੀ ਯਾਦ ਦੁਆਉਂਦੀ ਹੈ, ਜਦੋਂ ਦਿਨ ਰਾਤ ਉਥੋਂ ਦੀਆਂ ਸੜਕਾਂ ਤੇ ਜਵਾਨ ਮਨੁੱਖੀ ਖੂਨ ਵਗਦਾ ਸੀ। 'ਉਠੋ ਮੇਰੇ ਦੇਸ਼' ਲੰਬੀ ਕਵਿਤਾ ਵਿਚ ਦੇਸ਼ਵਾਸੀਆਂ ਨੂੰ ਬਗਾਵਤ ਦਾ ਸੱਦਾ ਦਿੱਤਾ ਗਿਆ ਹੈ।

ਗੋਰਖ ਪਾਂਡੇ ਨੇ ਨਾਗਾਰੁਜਨ ਦੀ ਫੱਕੜ ਪਰੰਪਰਾ ਨੂੰ ਹੋਰ ਵੀ ਵਿਕਸਤ ਕੀਤਾ ਹੈ। ਗੋਰਖ ਪਾਂਡੇ ਦਾ ਰਚਨਾ-ਕਰਮ ਹਾਲੀਂ ਆਪਣੇ ਭਰ ਜੋਬਨ ਵਿਚ ਹੈ, ਉਮੀਦ ਕਰਨੀ ਚਾਹੀਦੀ ਹੈ ਕਿ ਉਹ ਵੀ ਨਾਗਾਰੁਜਨ ਵਾਂਗ ਆਪਣੀ ਰਚਨਾ ਤੇ ਕਦੀ ਬੁਢਾਪੇ ਦੀ ਛਾਂ ਨਹੀਂ ਪੈ ਦੇਣਗੇ ਤੇ ਲੋਕ-ਮੁਕਤੀ ਦੇ ਘੋਲ ਵਿਚ ਆਪਣੀ ਮੁਕਤੀ-ਕਵਿਤਾ ਯਾਤਰਾ ਜਾਰੀ ਰੱਖਣਗੇ।

## (2) ਮੁਕਤੀਬੋਧ, ਧੂਮਿਲ, ਕੁਮਾਰ ਵਿਕਲ

ਲੋਕ-ਮੁਕਤੀ ਦੀ ਧਾਰਾ ਨਾਲ ਜੁੜੀ ਇਹ ਕਾਵਿ-ਧਾਰਾ ਅਪਣੇ ਰਚਨਾਕਾਰਾਂ ਦੇ ਮੱਧ ਵਰਗੀ ਹੋਣ ਦੀ ਅਤੇ ਆਪਣੀ ਇਮਾਨਦਾਰ ਹੋਂਦ ਨੂੰ ਬਚਾਉਣ ਦੀ ਕਠਨ ਸੰਘਰਸ਼ ਯਾਤਰਾ ਨੂੰ ਮੁਕਾਬਲਤਨ ਜਟਿਲ ਬਿੰਬਾਂ ਰਾਹੀਂ ਪੇਸ਼ ਕਰਦੀ ਹੈ। ਮੁਕਤੀਬੋਧ ਇਸ ਧਾਰਾ ਦੇ ਦਿਸ਼ਾ-ਨਿਰਦੇਸ਼ਕ ਕਵੀ ਦੇ ਦਰਜੇ ਤੇ ਪਹੁੰਚੇ ਹੋਏ ਹਨ ਤੇ ਉਨ੍ਹਾਂ ਦੀ ਮਿਰਤੂ ਦੇ 20 ਵਰ੍ਹੇ ਬਾਦ ਵੀ ਉਹ ਅੱਜ ਦੇ ਇਮਾਨਦਾਰ ਮੱਧ ਵਰਗੀ ਰਚਨਾਕਾਰਾਂ ਦੇ ਸਾਹਿੱਤਕ ਆਦਰਸ਼ ਬਣੇ ਹੋਏ ਹਨ। ਹਕੀਕਤ ਵਿਚ ਮੁਕਤੀਬੋਧ ਨੂੰ ਆਪਣੇ ਜੀਵਨ-ਕਾਲ ਵਿਚ ਉਹ ਦਰਜਾ ਨਹੀਂ ਮਿਲਿਆ, ਜਿਸਦੇ ਉਹ ਹੱਕਦਾਰ ਸਨ। ਉਨ੍ਹਾਂ ਦੇ ਜੀਵਨ ਕਾਲ ਵਿਚ ਤਾਂ ਉਨ੍ਹਾਂ ਦਾ ਕਾਵਿ-ਸੰਗ੍ਰਹਿ ਤੱਕ ਨਹੀਂ ਛਪ ਸਕਿਆ ਤੇ ਅੱਜ ਉਨ੍ਹਾਂ ਦਾ ਜੋ ਦਰਜਾ ਹੈ, ਉਨ੍ਹਾਂ ਦੇ ਸਮਕਾਲੀ, ਪਰ ਹਾਲੀਂ ਜਿਉਂਦੇ ਕਵੀਆਂ ਲਈ ਉਹ ਹਸਦ ਦਾ ਕਾਰਣ ਹੈ।

ਧੂਮਿਲ ਵੀ ਉਸੇ ਪਰੰਪਰਾ ਤੇ ਚੱਲੇ। ਕੁਮਾਰ ਵਿਕਲ ਪੂਰੀ ਤਰ੍ਹਾਂ ਜਟਿਲ ਬਿੰਬਾਂ ਦੇ ਕਵੀ ਨਹੀਂ ਹਨ। ਕੁੱਝ ਕਵਿਤਾਵਾਂ ਵਿਚ ਉਹ ਨਾਗਾਰੁਜਨ-ਗੋਰਖ ਪਾਂਡੇ ਧਾਰਾ ਦੇ ਵੀ ਨੇੜੇ ਪਹੁੰਚ ਜਾਂਦੇ ਹਨ, ਪਰ ਉਨ੍ਹਾਂ ਦਾ ਅਨੁਭਵ ਸੰਸਾਰ ਮੁਕਤੀਬੋਧ-ਧੂਮਿਲ ਵਾਲਾ ਹੀ ਹੈ, ਇਸ ਲਈ ਉਨ੍ਹਾਂ ਨੂੰ ਇਸੇ ਧਾਰਾ ਵਿਚ ਰੱਖਣਾ ਯੋਗ ਸਮਝਿਆ ਗਿਆ ਹੈ। ਕੁਮਾਰ ਵਿਕਲ ਪੰਜਾਬ ਦੇ ਸਭ ਤੋਂ ਪ੍ਰਮੁੱਖ ਹਿੰਦੀ ਕਵੀ ਵੀ ਹਨ।

### ਮੁਕਤੀਬੋਧ

ਮੁਕਤੀਬੋਧ ਨੂੰ ਹਿੰਦੀ ਕਵਿਤਾ ਵਿਚ ਕਬੀਰ ਤੇ ਨਿਰਾਲਾ ਤੋਂ ਬਾਦ ਸਭ ਤੋਂ ਤੇਜ਼ਵਾਨ ਕਵੀ ਮੰਨਿਆ ਜਾਣ ਲੱਗਿਆ ਹੈ। ਜਨਮ ਉਨ੍ਹਾਂ ਦਾ 1917 ਵਿਚ ਹੋਇਆ ਸੀ ਤੇ ਕੁਵੇਲੇ ਹੀ 1964 ਵਿਚ ਉਹ ਕਾਲਵੱਸ

ਹੋ ਗਏ। ਉਨ੍ਹਾਂ ਦੀ ਜ਼ਿੰਦਗੀ ਨੂੰ ਘਟਾਉਣ ਵਾਲੇ ਪੱਖ, ਉਨ੍ਹਾਂ ਦੇ ਜੀਵਨ ਦੀਆਂ ਕਠਨ ਹਾਲਤਾਂ ਅਤੇ ਉਨ੍ਹਾਂ ਦੀ ਹੱਦ ਦਰਜੇ ਦੀ ਸੰਵੇਦਨਸ਼ੀਲਤਾ ਹੀ ਸੀ। ਸਾਰੀ ਉਮਰ ਜੋ ਕਵੀ ਇਕ ਕਾਲਜ ਦੀ ਲੈਕਚਰਰ ਦੀ ਨੌਕਰੀ ਲਈ ਤਰਸਦਾ ਰਿਹਾ, ਉਸਦੇ ਮਰਨ ਬਾਦ ਯੂਨੀਵਰਸਿਟੀਆਂ ਵਿਚ ਉਸਦੇ ਸਾਹਿਤ ਤੇ ਖੋਜ ਕਾਰਜ ਕਰਨ-ਕਰਾਉਣ ਵਾਲੇ ਅਧਿਆਪਕਾਂ-ਖੋਜ ਵਿਦਿਆਰਥੀਆਂ ਦੀ ਲੰਮੀ ਅਣਮੁੱਕ ਕਤਾਰ ਲੱਗੀ ਹੋਈ ਹੈ। ਉਂਝ ਮੁਕਤੀਬੋਧ ਨੇ ਆਪਣੀ ਛੋਟੀ ਜ਼ਿੰਦਗੀ ਵਿਚ ਹੀ ਪੇਸ਼ੇ ਦੇ ਪੱਖੋਂ ਤੇ ਵਿਰਨ ਤੁਰਨ ਪੱਖੋਂ ਕਾਫੀ ਅਨੁਭਵ ਹਾਸਲ ਕੀਤੇ। ਅਧਿਆਪਕਾਂ ਤੋਂ ਬਿਨਾਂ ਉਹ ਪੱਤਰਕਾਰਤਾ ਦੇ ਖੇਤਰ ਵਿਚ ਵੀ ਰਹੇ।

ਉਨ੍ਹਾਂ ਦੇ ਜੀਵਨਕਾਲ ਵਿਚ ਉਨ੍ਹਾਂ ਦੀਆਂ ਕਵਿਤਾਵਾਂ ਜਾਂ ਤਾਂ ਪੱਤਰਕਾਵਾਂ ਵਿਚ ਛਪੀਆਂ ਤੇ ਜਾਂ ਅਗੇਯ ਰਾਹੀਂ ਸੰਪਾਦਤ 'ਤਾਰਸਪਤਕ' ਕਾਵਿ-ਸੰਗ੍ਰਹਿ ਵਿਚ। ਉਨ੍ਹਾਂ ਦਾ ਪਹਿਲਾ ਸੁਤੰਤਰ ਕਾਵਿ-ਸੰਗ੍ਰਹਿ 'ਚਾਂਦ ਕਾ ਮੂੰਹ ਟੇਢਾ ਹੈ' ਉਨ੍ਹਾਂ ਦੀ ਮੌਤ ਦੇ ਬਾਦ ਹੀ ਛਪਿਆ ਤੇ ਦੂਜਾ ਸੰਗ੍ਰਹਿ 'ਭੂਰੀ ਭੂਰੀ ਖਾਕ ਧੂਲ' ਹਾਲੀਂ 3-4 ਵਰ੍ਹੇ ਪਹਿਲਾਂ ਹੀ ਛਪ ਸਕਿਆ। ਉਂਝ ਉਨ੍ਹਾਂ ਦੀਆਂ ਸਾਰੀਆਂ ਕਵਿਤਾਵਾਂ (ਕਰੀਬ 238) ਹੁਣ ਮੁਕਤੀਬੋਧ ਰਚਨਾਵਲੀ ਖੰਡ ਇਕ ਤੇ ਦੋ ਵਿਚ ਸ਼ਾਮਲ ਹੋ ਕੇ ਛਪ ਚੁੱਕੀਆਂ ਸਨ ਤੇ ਏਨਾਂ ਰਚਨਾਵਾਂ ਵਿਚ ਅਜਿਹੀਆਂ ਕਵਿਤਾਵਾਂ ਦੀ ਗਿਣਤੀ ਵੀ ਕਾਫ਼ੀ ਹੈ, ਜੋ ਹਾਲੀਂ ਤੱਕ ਅਪ੍ਰਕਾਸ਼ਤ ਸਨ।

ਕਵਿਤਾ ਤੋਂ ਇਲਾਵਾ ਮੁਕਤੀਬੋਧ ਨੇ ਆਲੋਚਨਾ, ਕਹਾਣੀ-ਨਾਵਲ ਆਦਿ ਦੇ ਖੇਤਰ ਵਿਚ ਵੀ ਕਾਫ਼ੀ ਨਾਮਣਾ ਖੱਟਿਆ ਹੈ। ਆਲੋਚਨਾ ਦੇ ਖੇਤਰ ਵਿੱਚ ਸਿਰਜਣਾਤਮਕ ਸੁਆਦ ਵਾਲੀ ਆਲੋਚਨਾ ਦੀ ਨੀਂਹ ਮੁਕਤੀਬੋਧ ਨੇ ਹੀ ਰੱਖੀ। ਇਕ ਸਾਹਿੱਤਕ ਦੀ ਡਾਇਰੀ' 'ਨਵੇਂ' ਸਾਹਿਤ ਦਾ ਸੁਹਜ ਸ਼ਾਸਤਰ' ਨਵੀਂ ਕਵਿਤਾ ਦਾ ਆਤਮ ਸੰਘਰਸ਼ ਤੇ ਹੋਰ ਲੇਖ', ਕਾਮਾਯਨੀ: ਇਕ ਪੁਨਰ ਵਿਚਾਰ' ਆਦਿ ਉਨ੍ਹਾਂ ਦੀਆਂ ਆਲੋਚਨਾਂ ਪੁਸਤਕਾ ਵੀ ਕਵਿਤਾਵਾਂ ਵਾਂਗ ਕਲਾਸਿਕ ਬਣ ਗਈਆਂ ਹਨ। ਹਿੰਦੀ ਵਿਚ ਸਹੀ ਅਰਥਾਂ ਵਿਚ ਮਾਰਕਸਵਾਦੀ ਸੁਹਜ ਸ਼ਾਸ਼ਤਰ ਨੂੰ ਮੁਕਤੀਬੋਧ ਨੇ ਹੀ ਨਿਖਾਰਿਆ ਹੈ।

ਕਹਾਣੀ-ਨਾਵਲ ਵਿਚ ਉਨ੍ਹਾਂ ਦਾ ਇਕ ਛੋਟਾ ਨਾਵਲ 'ਵਿਪਾਤ੍ਰ' ਛਪਿਆ ਹੈ ਤੇ ਇਕ ਦੋ-ਢਾਈ ਸੌ ਸਫਿਆਂ ਦੇ ਨਾਵਲ ਦਾ ਖਰੜਾ ਗੁਆਚ ਹੀ ਗਿਆ। 'ਸਤਹ ਤੋਂ ਉੱਠਦਾ ਆਦਮੀ' ਤੇ 'ਕਾਠ ਦਾ ਸੁਪਨਾ' ਉਨ੍ਹਾਂ ਦੇ ਦੋ ਕਹਾਣੀ ਸੰਗ੍ਰਹਿ ਹਨ। ਉਨ੍ਹਾਂ ਦਾ ਗਲਪ ਸਾਹਿਤ ਵੀ ਉਨ੍ਹਾਂ ਦੀ ਕਵਿਤਾ ਵਾਂਗ ਜਟਿਲ ਬਿੰਬਾਂ ਵਾਲਾ ਹੈ।

ਮੁਕਤੀਬੋਧ ਨੇ ਸਕੂਲੀ ਬੱਚਿਆਂ ਲਈ ਇਤਿਹਾਸ ਦੀ ਇਕ ਕਿਤਾਬ ਲਿਖੀ—"ਭਾਰਤ' ਇਤਿਹਾਸ ਅਤੇ ਸਭਿਆਚਾਰ"। ਮੱਧ ਪ੍ਰਦੇਸ਼ ਸਰਕਾਰ ਨੇ ਹੀ ਇਹ ਕਿਤਾਬ ਲਿਖਵਾਈ ਤੇ ਉਸੇ ਨੇ ਹੀ ਇਸ ਤੇ ਪਾਬੰਦੀ ਵੀ ਲਾਈ। ਵਿਡੰਬਨਾ ਇਹ ਕਿ ਮੁਕਤੀਬੋਧ ਦੀ ਮੌਤ ਬਾਦ 'ਮੁਕਤੀਬੋਧ' ਦੇ ਨਾਂ ਤੇ ਮੱਧ ਪ੍ਰਦੇਸ਼ ਸਰਕਾਰ ਨੇ ਫੈਲੋਸ਼ਿਪਾਂ ਦਿੱਤੀਆਂ, ਇਨਾਮ ਵੰਡੇ, ਪਰ ਉਸਦੀ ਇਸ ਲਿਖਤ ਤੋਂ ਪਾਬੰਦੀ ਨਹੀਂ ਚੁੱਕੀ, ਜਿਸ ਕਰਕੇ 1980 ਵਿਚ ਛਪੀ ਸੰਪੂਰਣ ਮੁਕਤੀਬੋਧ ਰਚਨਾਵਲੀ ਵਿਚ ਵੀ ਇਹ ਕ੍ਰਿਤ ਨਹੀਂ ਛਪ ਸਕੀ। ਰਚਨਾਵਲੀ ਦੇ ਹੁਣ ਛਪ ਰਹੇ ਦੂਜੇ ਐਡੀਸ਼ਨ ਵਿਚ ਹੀ ਇਹ ਲਿਖਤ ਮੁੜ ਪ੍ਰਕਾਸ਼ ਵਿਚ ਆ ਰਹੀ ਹੈ।

'ਨਵਾਂ ਖੂਨ' ਦੇ ਸੰਪਾਦਕ ਰੂਪ ਵਿਚ ਤੇ ਖੱਬੇ ਪੱਖੀ ਅਖ਼ਬਾਰਾਂ-ਪੱਤਰਕਾਵਾਂ ਲਈ ਮੁਕਤੀਬੋਧ ਨੇ ਆਪਣੇ ਨਾਂ ਤੇ ਅਤੇ ਫਰਜ਼ੀ ਨਾਂ ਤੇ ਅਤੇ ਅਨੇਕਾਂ ਲੇਖ ਤੇ ਸਮਕਾਲੀ ਰਾਜਨੀਤੀ ਤੇ ਟਿੱਪਣੀਆਂ ਵੀ ਲਿਖੀਆਂ।

1935 ਵਿਚ ਮੁਕਤੀਬੋਧ ਦੀ ਪਹਿਲੀ ਕਵਿਤਾ ਛਪੀ ਸੀ, ਉਸ ਤੋਂ ਬਾਦ ਲਗਾਤਾਰ ਆਪਣੀ ਮੌਤ ਤੱਕ ਮੁਕਤੀਬੋਧ ਏਨਾਂ ਲਿਖਿਆ ਅਤੇ ਏਨੀਆਂ ਕਠਨ ਹਾਲਤਾਂ ਵਿਚ ਲਿਖਿਆ ਕਿ ਉਨ੍ਹਾਂ ਦੀ ਅਟੁੱਟ ਨਿਹਚਾ ਸ਼ਕਤੀ ਤੇ ਊਰਜਾ ਸ਼ਕਤੀ ਦੇਖ ਕੇ ਕੋਈ ਵੀ ਰਸ਼ਕ ਕਰ ਸਕਦਾ ਹੈ। ਖੱਬੇ ਪੱਖੀ ਵਿਚਾਰਾਂ ਨਾਲ ਪੂਰੀ ਤਰ੍ਹਾਂ ਜੁੜੇ ਹੋ ਕੇ ਵੀ ਆਪਣੇ ਸੁਭਾਅ ਪੱਖੋਂ ਮੁਕਤੀਬੋਧ ਏਨੇ ਵਿਅਕਤੀ-ਵਾਦੀ ਸਨ ਤੇ ਆਪਣੀ ਜ਼ਿੰਦਗੀ ਦੇ ਸੰਘਰਸ਼ ਵੀ ਉਨ੍ਹਾਂ ਇਕੱਲਿਆਂ ਲੜੇ ਕਿ ਉਨ੍ਹਾਂ ਦੀ ਸਾਰੀ ਰਚਨਾ ਉਨ੍ਹਾਂ ਦੇ ਸੰਘਰਸ਼ਾਂ ਦਾ ਦਸਤਾਵੇਜ਼ ਬਣ ਜਾਂਦੀ ਹੈ। ਹਾਲਾਂਕਿ ਡਾ. ਰਾਮ ਵਿਲਾਸ ਸ਼ਰਮਾ ਨੇ ਮੁਕਤੀਬੋਧ ਦੇ ਆਤਮ ਸੰਘਰਸ਼ ਨੂੰ ਇਕ ਵੰਡੇ ਹੋਏ ਵਿਅਕਤੀਤਵ ਦਾ ਅੰਦਰੂਨੀ ਸੰਘਰਸ਼ ਕਿਹਾ ਹੈ, ਪਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਮੁਕਤੀਬੋਧ ਨੇ ਆਪਣੀ ਸੁਹਿਰਦਤਾ, ਈਮਾਨਦਾਰੀ ਤੇ ਜਮਾਤੀ ਘੋਲ ਨਾਲ ਆਪਣਾ ਲਗਾਅ ਬਚਾਈ ਰੱਖਣ ਲਈ ਹਰ ਪੱਧਰ ਤੇ ਸੰਘਰਸ਼ ਕੀਤਾ—ਅੰਦਰੂਨੀ ਤੇ ਬਾਹਰੀ ਦੋਵਾਂ ਪੱਧਰਾਂ ਤੇ ਉਨ੍ਹਾਂ ਸੰਘਰਸ਼ ਕੀਤਾ ਅਤੇ ਉਨ੍ਹਾਂ ਦੇ ਇਸ ਸ਼ਾਨਦਾਰ ਪਰ ਬੇਹੱਦ ਪੀੜਾਂ ਭਰੇ ਸੰਘਰਸ਼ਾਂ ਨੇ ਹੀ ਉਨ੍ਹਾਂ ਦੀ ਕਲਮ ਤੋਂ ਰਚੇ ਮਹਾਨ ਸਾਹਿਤ ਨੂੰ ਜਨਮ ਦਿੱਤਾ।

ਮੁਕਤੀਬੋਧ ਮਰਾਠੀ ਭਾਸ਼ੀ ਪਰਿਵਾਰ ਵਿਚ ਮੱਧ ਪ੍ਰਦੇਸ਼ ਵਿਚ ਪੈਦਾ ਹੋਏ ਸਨ ਤੇ ਉਨ੍ਹਾਂ ਦਾ ਪੂਰਾ ਨਾਂ ਗਜਾਨਨ ਮਾਧਵ ਮੁਕਤੀਬੋਧ ਸੀ। ਉਨ੍ਹਾਂ ਦੇ ਇਕ ਭਰਾ ਸ਼ਰਤ ਚੰਦਰ ਮੁਕਤੀਬੋਧ ਮਰਾਠੀ ਭਾਸ਼ਾ ਦੇ ਮੰਨੇ ਪ੍ਰਮੰਨੇ

ਅਗਾਂਹਵਧੂ ਲੇਖਕ ਸਨ ਤੇ ਪਿਛੇ ਜਿਹੇ ਹੀ ਉਨ੍ਹਾਂ ਦੀ ਵੀ ਮ੍ਰਿਤੂ ਹੋਈ ਹੈ ।

ਮੁਕਤੀਬੋਧ ਦੀ ਆਰੰਭਕ ਕਵਿਤਾ ਤੇ ਰਾਸ਼ਟਰ-ਵਾਦੀ ਕਵੀ ਮਾਖਣ ਲਾਲ ਚਤੁਰਵੇਦੀ ਦਾ ਅਸਰ ਦੇਖਿਆ ਜਾ ਸਕਦਾ ਹੈ । 1937-42 ਦੇ ਦੌਰ ਦੀ ਉਨ੍ਹਾਂ ਦੀ ਕਵਿਤਾ ਵਿਚ ਗੀਤਾਂ ਵਰਗੀ ਲੈਅ ਹੈ । 1942 ਦੇ ਲਾਗੇ ਉਹ ਮਾਰਕਸਵਾਦੀ ਵਿਚਾਰਾਂ ਦੇ ਨੇੜੇ ਆਏ ਤੇ ਇਸ ਨਾਲ ਉਨ੍ਹਾਂ ਦੀ ਕਵਿਤਾ ਦਾ ਸੁਰ ਵੀ ਬਦਲਿਆ ਤੇ ਉਸ ਵਿਚ ਕਲਾਤਮਕ ਪਕਿਆਈ ਵੀ ਆਈ । 1940-42 ਵਿਚ ਲਿਖੀ 'ਨੂਤਨ ਹਉਮੈ'' ਕਵਿਤਾ ਵਿਚ ਉਹ ਨਫ਼ਰਤ ਤੇ ਪਿਆਰ ਦੇ ਆਪਸੀ ਸੰਬੰਧ ਨੂੰ ਬਿਆਨ ਕਰਦੇ ਹਨ :—

ਕਰ ਸਕੇਂ ਘ੍ਰਿਣਾ
ਕੀ ਏਨਾਂ
ਰੱਖਦਾ ਹੈਂ ਅਖੰਡ ਤੂੰ ਪ੍ਰੇਮ ?
ਜਿਤਨੀ ਅਖੰਡ ਹੋ ਸਕੇ ਘ੍ਰਿਣਾ
ਉਨ੍ਹਾਂ ਪ੍ਰਚੰਡ
ਰੱਖਦਾ ਕੀ ਜੀਵਨ ਦਾ ਵਰਤ-ਨੇਮ ?

ਮਾਰਕਸਵਾਦੀ ਵਿਚਾਰਾਂ ਦੀ ਲੋਅ ਵਿਚ ਮੁਕਤੀਬੋਧ ਸਮਾਜੀ ਹਕੀਕਤ ਨੂੰ ਪਛਾਨਣ ਲੱਗੇ ਸਨ ਤੇ 1940-42 ਵਿਚ ਹੀ ਉਨ੍ਹਾਂ 'ਪੂੰਜੀਵਾਦੀ ਸਮਾਜ' ਦੀ ਹਕੀਕਤ ਇੰਜ ਬਿਆਨ ਕੀਤੀ—

ਤੇਰੇ ਖ਼ੂਨ ਤੋਂ ਵੀ ਘ੍ਰਿਣਾ ਹੁੰਦੀ ਤੀਬਰ
ਤੈਨੂੰ ਦੇਖਕੇ ਵੱਤ ਆਉਂਦੇ ਉਮੜ ਸ਼ੀਘਰ
ਤੇਰੇ ਹਾਸੇ ਵਿਚ ਵੀ ਰੋਗ-ਕੀਟਾਣੂ ਉੱਗਰ
ਤੂੰ ਹੈ ਮਰਣ ਤੂੰ ਹੈ ਰਿਕਤ ਤੂੰ ਹੈਂ ਵਿਅਰਥ
ਤੇਰਾ ਨਾਸ਼, ਸਿਰਫ਼ ਤੇਰਾ ਇਕੋ ਅਰਥ

ਆਪਣੇ ਆਰੰਭਕ ਦੌਰ ਤੋਂ ਹੀ ਮੁਕਤੀ ਬੋਧ ਕਮਿਊਨਿਸਟ ਪਾਰਟੀ ਨਾਲ ਸੰਬੰਧਤ ਅਖ਼ਬਾਰਾਂ-ਪੱਤਰਕਾਵਾਂ ਵਿਚ ਛਪਦੇ ਰਹੇ । ਪਾਰਟੀ ਦੇ ਮੁੱਖ ਪੱਤਰ 'ਲੋਕ ਯੁੱਧ' ਵਿਚ ਉਨ੍ਹਾਂ ਦੀ 'ਲਾਲ ਸਲਾਮ' ਕਵਿਤਾ ਛਪੀ, ਜਿਸ ਵਿਚ ਦੂਜੀ ਸੰਸਾਰ ਜੰਗ ਵਿਚ ਫਾਸਿਸਟਾਂ ਤੇ ਜਿੱਤ ਹੋਣ ਤੇ ਖ਼ੁਸ਼ੀ ਦਾ ਇਜ਼ਹਾਰ ਸੀ । ਮੁਕਤੀਬੋਧ ਲੋਕਾਂ ਅਤੇ ਜੋਕਾਂ ਵਿਚਕਾਰ ਆਰੰਭ ਤੋਂ ਹੀ ਲਕੀਰ ਖਿੱਚ ਕੇ ਤੁਰੇ । 1944 48 ਵਿਚ ਛਪੀ ਕਵਿਤਾ ਵਿਚ ਉਨ੍ਹਾਂ ਸਪਸ਼ਟ ਕਿਹਾ—

ਭਾਵੇਂ ਕਿਸੇ ਦੇਸ਼, ਪ੍ਰਾਂਤ, ਪੁਰੇ ਦਾ ਹੋਵੇ
ਜਨ-ਜਨ ਦਾ ਚਿਹਰਾ ਇਕ

ਦਾਨਵ ਬੁਰੀ ਆਤਮਾ ਇਕ
ਮਨੁੱਖ ਦੀ ਆਤਮਾ ਇਕ
ਲੋਟ, ਖੂਨੀ ਅੰਤੇ ਚੋਰ ਇਕ

ਮੁਕਤੀਬੋਧ ਭਾਵੇਂ ਬੌਧਿਕ ਤੇ ਸਮਾਜਿਕ-ਰਾਜਨੀਤਕ ਰੂਪ ਵਿਚ ਬੇਹੱਦ ਚੇਤੰਨ ਕਵੀ ਸਨ, ਪਰ ਉਨ੍ਹਾਂ ਦੀ ਕਵਿਤਾ ਦਾ ਘੇਰਾ ਸਿਰਫ਼ ਸਿਆਸੀ ਘਟਨਾਵਾਂ ਤੱਕ ਸੀਮਤ ਨਹੀਂ ਸੀ । ਸਭ ਤੋਂ ਵੱਧ ਉਹ ਮਨੁੱਖ ਅੰਦਰ ਚੱਲ ਰਹੇ ਘੋਲ ਨੂੰ ਆਪਣੀ ਕਵਿਤਾ ਦਾ ਵਿਸ਼ਾ ਬਣਾਉਂਦੇ ਸਨ ਤੇ ਇਸ ਘੋਲ ਵਿਚ ਸੱਚਾਈ, ਇਮਾਨਦਾਰੀ ਤੇ ਮਨੁੱਖਤਾ ਤੇ ਵਿਸ਼ਵਾਸ ਦੀ ਧਿਰ ਨੂੰ ਮਜ਼ਬੂਤ ਬਣਾ ਕੇ ਕਵਿਤਾ ਵਿਚ ਪੇਸ਼ ਕਰਦੇ ਸਨ । ਆਰੰਭਕ ਕਾਲ ਦੀ ਇਕ ਸੁੰਦਰ ਕਵਿਤਾ 'ਓ ਵਿਰਾਟ ਸੁਪਨਿਓ' ਵਿਚ ਉਹ ਇਨਸਾਨ ਨੂੰ ਵਿਰਾਟ ਸੁਪਨੇ ਲੈਣ ਦੀ ਪ੍ਰੇਰਨਾ ਦਿੰਦੇ ਹਨ—

'ਓ ਇਨਸਾਨ ਦੇ ਵਿਰਾਟ ਸੁਪਨਿਓ, ਦੇਖੋ
ਇਕ ਤੇਰ ਛੋਟੇ ਜਿਹੇ ਪਲ ਦੇ ਤੜਪਦੇ ਸਾਹ ਨਾਲ
ਕਿੰਨਾ ਅੰਤਰ, ਕਿੰਨਾ ਪਰੀਵਰਤਨ-ਤੇਜ਼
ਇਥੇ ਹੋ ਗਿਆਂ ।
ਅਚਾਨਕ ਪ੍ਰਾਚੀਰਾਂ, ਮੀਨਾਰਾਂ
ਮਹਿਲਾਂ ਦੀਆਂ ਦੀਵਾਰਾਂ ਕੰਬੀਆਂ ਤੇ ਡਿੱਗ ਪਈਆਂ

ਮੁਕਤੀਬੋਧ ਨੇ ਮਾਰਕਸਵਾਦੀ ਦਰਸ਼ਨ ਨੂੰ ਕਿੰਝ ਆਪਣੀ ਆਤਮਾ ਤਕ ਰਚਾ ਲਿਆ ਸੀ, ਇਹ ਕਵਿਤਾ ਇਸਦੀ ਸੁੰਦਰ ਮਿਸਾਲ ਏ । ਮਾਰਕਸ ਕਹਿੰਦਾ ਹੈ ਕਿ ਸੁਫ਼ਨੇ ਲੈਣੇ ਚਾਹੀਦੇ ਹਨ, ਕਿਉਂਕਿ ਸੁਪਨੇ ਆਉਣ ਵਾਲੇ ਕੱਲ ਦੀ ਤਸਵੀਰ ਹਨ ।

ਮੁਕਤੀਬੋਧ ਦੀ ਕਵਿਤਾ ਦਾ ਇਕ ਨਿਰੰਤਰ ਚਲਣ ਵਾਲਾ ਵਿਸ਼ਾ ਇਮਾਨਦਾਰ ਮੱਧ ਵਰਗ ਦੀ ਇਨਕਲਾਬੀ ਘੋਲ ਵਿਚ ਪੂਰੀ ਤਰ੍ਹਾਂ ਹਿੱਸਾ ਨਾ ਪਾ ਸਕਣ ਦੀ ਗਿਲਾਨੀ ਭਾਵਨਾ ਹੈ । ਇਕ ਕਵਿਤਾ ਵਿਚ ਉਨ੍ਹਾਂ ਦੇ ਨਾਇਕ ਨੂੰ ਇਸ ਗੱਲ ਦੀ ਬੜੀ ਸ਼ਰਮ ਹੈ ਕਿ ਉਸਨੇ ਇਨਕਲਾਬੀਆਂ ਨਾਲ ਮਿਲਕੇ ਮੁਕਤੀ ਦੇ ਰਾਹ ਤੇ ਆਪਣਾ ਖ਼ੂਨ ਨਹੀਂ ਵਹਾਇਆ । ਪਰ ਇਸਦੇ ਨਾਲ ਹੀ ਉਨ੍ਹਾਂ ਦੀ ਆਤਮਾ 'ਚ ਆਪਣੀ ਸੱਚਾਈ ਤੇ ਇਮਾਨਦਾਰੀ ਤੇ ਸੰਘਰਸ਼ਾਂ ਦਾ ਤੇਜ ਵੀ ਵਿਦਮਾਨ ਹੈ । 'ਸੱਚ ਦੇ ਗਰਬੀਲੇ, ਅਨਿਆਇ ਨਾ ਸਹਿ'' ਕਵਿਤਾ ਵਿਚ ਉਨ੍ਹਾਂ ਦਾ ਤੇਜ ਏਨ੍ਹਾਂ ਸ਼ਬਦਾਂ 'ਚ ਝਲਕਦਾ ਹੈ—

ਸੱਚ ਦੇ ਗਰਬੀਲੇ
ਅਨਿਆਇ ਨਾ ਸਹਿ, ਮਿੱਤਰ
ਸੰਘਰਸ਼ ਕਰਦਾ ਹੋਇਆ ਤੂੰ ਜ਼ਿੰਦਗੀ ਦਾ ਖਿੱਚ ਚਿੱਤਰ
ਝੂਠ ਦੀ ਹੜ੍ਹਿਆ ਕਰ, ਬੁੱਧੀ ਦੇ, ਆਤਮਾ ਦੇ
ਜ਼ਹਿਰ ਬੁਝੇ ਤੀਰਾਂ ਨਾਲ,
ਖਿੱਚ ਚਿੱਤਰ ਇਨਸਾਨਾਂ ਦਾ
ਪ੍ਰਾਣਾਂ ਦੀਆਂ ਰਕਤ ਲਕੀਰਾਂ ਨਾਲ ਵੱਡਿਆਂ ਦਾ ਸਹਾਰਾ
ਝੂਠ, ਛੋਟਿਆਂ ਨੂੰ ਸੱਚਾਈ ਦਾ ਹੀ ਆਸਰਾ ।

ਇਸ ਤਰ੍ਹਾਂ ਦਾ ਤੇਜ ਉਨ੍ਹਾਂ ਦੀਆਂ ਕਵਿਤਾਵਾਂ ਤੋਂ ਲੈ ਕੇ ਅੰਤਮ ਕਾਲ ਦੀਆਂ ਕਵਿਤਾਵਾਂ ਤਕ ਬਰਾਬਰ ਝਲਕਦਾ ਹੈ ।

1955-56 ਵਿਚ ਮੁਕਤੀਬੋਧ ਨੇ 'ਓ ਚੀਨ ਦੇ

ਕਿਰਸਾਨੋਂ' ਕਵਿਤਾ ਰਚ ਕੇ ਚੀਨ ਦਾ ਨਵ-ਨਿਰਮਾਣ ਕਰ ਰਹੇ ਕਿਸਾਨਾਂ ਦਾ ਅਭਿਨੰਦਨ ਕੀਤਾ।

ਜਿਉਂ ਜਿਉਂ ਮੁਕਤੀਬੋਧ ਨੇ ਆਪਣੀ ਕਲਾ ਵਿਚ ਪਕਿਆਈ ਤੇ ਆਪਣੇ ਵਿਚਾਰਾਂ ਵਿਚ ਪ੍ਰੋੜਤਾ ਹਾਸਲ ਕੀਤੀ, ਤਿਉਂ ਤਿਉਂ ਉਨ੍ਹਾਂ ਦੀਆਂ ਕਵਿਤਾਵਾਂ ਦਾ ਅਕਾਰ ਲੰਬਾ ਤੇ ਉਨ੍ਹਾਂ ਦੇ ਬਿੰਬ ਜਟਿਲ ਹੁੰਦੇ ਗਏ। ਆਪਣੇ ਅੰਤਮ ਦੌਰ 1957-64 ਚ ਉਨ੍ਹਾਂ ਜ਼ਿਆਦਾਤਰ ਲੰਬੀਆਂ ਕਵਿਤਾਵਾਂ ਹੀ ਰਚੀਆਂ। 'ਜ਼ਿੰਦਗੀ ਦਾ ਰਸਤਾ', ਜ਼ਮਾਨੇ ਦਾ 'ਚਿਹਰਾ' 'ਵਿਕਸ਼ੁਬੱਧ ਬੁੱਧੀ ਦੇ ਮਾਰੂ ਸੁਰ', 'ਓ ਕਾਵਿਆਤਮਕ ਫਨੀਅਰ', 'ਮਾਲਵ ਨਿਰਝਰ ਦੀ ਝਰ ਝਰ ਕੰਚਨ ਰੇਖਾ', 'ਚਾਂਦ ਕਾ ਮੂੰਹ ਟੇੜਾ ਹੈ' 'ਇਕ ਲੰਮੀ ਕਵਿਤਾ', 'ਬ੍ਰਹਮ ਰਾਖਸ਼ਸ਼', 'ਹਨੇਰੇ ਵਿਚ', 'ਚੰਬਲ ਦੀ ਘਾਟੀ ਵਿਚ' ਆਦਿ ਉਨ੍ਹਾਂ ਦੀਆਂ ਕੁੱਝ ਪ੍ਰਸਿੱਧ ਲੰਬੀਆਂ ਕਵਿਤਾਵਾਂ ਹਨ। ਏਨਾਂ ਵਿਚੋਂ 'ਹਨੇਰੇ ਵਿਚ' ਉਨ੍ਹਾਂ ਦੀ ਕਲਾਸਿਕ ਰਚਨਾ ਹੈ, ਜਿਸ ਤੇ ਕਾਵਿ-ਨਾਟਕ ਵੀ ਖੇਡੇ ਜਾ ਚੁੱਕੇ ਹਨ।

ਮੁਕਤੀਬੋਧ ਦੀਆਂ ਰਚਨਾਵਾਂ ਵਿਚ ਬੜੀ ਡੂੰਘੀ ਮਨੁੱਖੀ ਸੰਵੇਦਨਾ ਹੈ, ਜਿਸਨੂੰ ਉਨ੍ਹਾਂ ਦੀ ਹਰ ਰਚਨਾ ਵਿਚ ਮਹਿਸੂਸਿਆ ਜਾ ਸਕਦਾ ਹੈ। ਜ਼ਿੰਦਗੀ ਨੂੰ ਉਹ ਬਹੁਤ ਸੁਹਜ ਭਰੀ ਤੇ ਪਿਆਰ ਭਰੀ ਦੇਖਣਾ ਤੇ ਜਿਊਣਾ ਚਾਹੁੰਦੇ ਸਨ, ਪਰ ਜ਼ਿੰਦਗੀ ਦੀਆਂ ਹਕੀਕਤਾਂ ਕੁੱਝ ਹੋਰ ਸਨ। ਪਰ ਜਦੋਂ ਵੀ ਸੂਖਮ ਸੁੰਦਰਤਾ ਨੂੰ ਉਨ੍ਹਾਂ ਦੀ ਆਤਮਾ ਮਹਿਸੂਸਦੀ ਹੈ, ਉਨ੍ਹਾਂ ਦੀ ਕਲਮ ਤੋਂ ਅਜਿਹੀਆਂ ਕਵਿਤਾਵਾਂ ਰਚੀਆਂ ਜਾਂਦੀਆਂ ਹਨ—'ਪਤਾ ਨਹੀਂ'

—ਪਤਾ ਨਹੀਂ, ਕਦ, ਕੌਣ, ਕਿਥੇ, ਕਿਸ ਵੱਲ ਮਿਲੇ
ਕਿਸ ਸ਼ਾਮ ਮਿਲੇ ਕਿਸ ਸੁਬ੍ਹਾ ਮਿਲੇ
ਇਹ ਰਾਹ ਜ਼ਿੰਦਗੀ ਦੀ
ਜਿਸ ਨਾਲ ਮਿਲੇ

ਹੱਥ ਤੇਰੇ ਵਿਚ ਜਦ ਵੀ ਮਿੱਤਰ ਦਾ ਹੱਥ
ਫੈਲੇਗੀ ਬਰਗਦ ਛਾਂ ਉਥੇ
ਗਹਿਰੀ ਗਹਿਰੀ ਸੁਪਨੀਲੀ ਜਿਹੀ

ਮੁੱਖ ਨੇ ਕਿ ਸਿਰਫ ਅੱਖਾਂ ਨੇ ਲੋਅ ਭਰੀਆਂ
ਜੋ ਨਿਰੰਤਰ ਬਾਹ ਪਾਉਂਦੀਆਂ ਹੋਈਆਂ ਗਹਿਰੀਆਂ

ਪਰ ਅਜਿਹੇ ਮੌਕੇ ਜ਼ਿੰਦਗੀ ਮੁਕਤੀਬੋਧ ਨੂੰ ਘੱਟ ਹੀ ਦਿੰਦੀ ਹੈ। ਵਧੇਰੇ ਕਰ ਕੇ ਤਾਂ ਉਨ੍ਹਾਂ ਨੂੰ ਅਜਿਹੀਆਂ ਕਵਿਤਾਵਾਂ ਹੀ ਲਿਖਣੀਆਂ ਪਈਆਂ—

ਮੇਰੀਆਂ ਇਹ ਕਵਿਤਾਵਾਂ
ਭਿਆਨਕ ਹਿਡਿੰਬਾ ਨੇ
ਹਕੀਕਤ ਦੀਆਂ ਫੈਲੀਆਂ ਮੂਰਤੀਆਂ
ਵਿਗੜੇ ਅਕਾਰ ਦੀਆਂ ਬਿੰਬਾਂ ਨੇ

ਹਕੀਕਤ ਏਨੀ ਕੌੜੀ ਹੈ ਕਿ ਮੁਕਤੀਬੋਧ ਨੂੰ ਪਲ ਪਲ ਇਸ ਨਾਲ ਸੰਘਰਸ਼ ਕਰਨਾ ਪੈਂਦਾ ਹੈ ਤੇ ਮੰਨਣਾ ਪੈਂਦਾ ਹੈ—

ਜ਼ਿੰਦਗੀ ਇਕ ਕਬਾੜਾ ਹੈ
ਭੂਤਾਂ ਦਾ ਬਾੜਾ ਹੈ

ਪਰ ਇਸ ਭੂਤਾਂ ਦੇ ਬਾੜੇ ਵਿਚੋਂ ਸੰਘਰਸ਼ ਬਿਨਾਂ ਗੁਜ਼ਾਰਾ ਨਹੀਂ ਅਤੇ ਆਦਮੀ ਮਰਦਾ ਤਾਂ ਹੀ ਜੇ ਉਹ :

ਪਰ ਅਸੀਂ ਇਸ ਲਈ
ਮਰੇ ਕਿ ਲੋੜ ਨਾਲੋਂ
ਵੱਧ ਨਹੀਂ, ਬਹੁਤ ਬਹੁਤ ਘੱਟ
ਅਸੀਂ ਬਾਗੀ ਸੀ !!

ਪਰ ਮੁਕਤੀਬੋਧ ਨਿਰਾਸ਼ ਨਹੀਂ ਹੁੰਦੇ ਅਤੇ ਕੁਚਲੇ ਜਾ ਕੇ ਵੀ ਜਿਊਣ ਦੀ ਪ੍ਰੇਰਨਾ ਦਿੰਦੇ ਹਨ :

ਕੋਸ਼ਿਸ਼ ਕਰੋ
ਕੋਸ਼ਿਸ਼ ਕਰੋ
ਜੀਣ ਦੀ
ਜ਼ਮੀਨ 'ਚ ਖੁਭ ਕੇ ਵੀ

ਮੁਕਤੀਬੋਧ ਜ਼ਿੰਦਗੀ ਦੀ ਗਹਿਰਾਈ 'ਚ ਉਤਰਨਾ ਚਾਹੁੰਦੇ ਹਨ, ਕਿਉਂਕਿ ਉਨ੍ਹਾਂ ਨੂੰ ਮਨੁੱਖੀ ਅੰਦਰਲੀ, ਵਿਸ਼ੇਸ਼ ਕਰ ਮਿਹਨਤਕਸ਼ ਮਨੁੱਖਾਂ ਦੀ ਆਤਮਾ ਦੇ ਹੀਰੇ ਦੀ ਪਛਾਣ ਹੈ—

ਮੈਨੂੰ ਭਰਮ ਹੁੰਦਾ ਹੈ ਕਿ ਹਰ ਪੱਥਰ ਵਿਚ
ਚਮਕਦਾ ਹੀਰਾ ਹੈ
ਹਰ ਇਕ ਛਾਤੀ ਵਿਚ ਆਤਮਾ ਅਧੀਰ ਹੈ

ਮੈਨੂੰ ਭਰਮ ਹੁੰਦਾ ਹੈ ਕਿ ਹਰ ਬੋਲ ਵਿਚ
ਮਹਾਂਕਾਵਿ ਪੀੜ ਹੈ

ਮਨੁੱਖੀ ਆਤਮਾ ਏਨੀ ਸੰਘਰਸ਼ੀਲ ਤੇ ਬਲਵਾਨ ਹੈ ਕਿ ਲੇਖਕ ਦੀ ਸਮਸਿਆ ਇਹ ਨਹੀਂ ਕਿ :

ਜੀਵਨ ਵਿਚ ਅੱਜ ਦੇ
ਲੇਖਕ ਦੀ ਮੁਸ਼ਕਲ ਇਹ ਨਹੀਂ ਕਿ
ਘਾਟ ਹੈ ਵਿਸ਼ਿਆਂ ਦੀ
ਸਗੋਂ ਇਹ ਕਿ ਵਧੇਰੇ ਹੋਣਾ ਹੀ ਉਨ੍ਹਾਂ ਦਾ
ਉਸਨੂੰ ਸਤਾਉਂਦਾ ਹੈ
ਤੇ ਉਹ ਠੀਕ ਚੋਣ ਨਹੀਂ ਕਰ ਪਾਉਂਦਾ ਹੈ

'ਮਾਲਵ-ਨਿਰਝਰ ਦੀ ਝਰ ਝਰ ਰੇਖਾ' ਕਵਿਤਾ ਵਿਚ ਮੁਕਤੀਬੋਧ ਨੇ ਮਨੁੱਖੀ ਮਿਠਾਸ ਦੀ ਸੁੰਦਰਤਾ ਚਿਤਰੀ ਹੈ।

ਜ਼ਿੰਦਗੀ ਦੇ ਸੰਘਰਸ਼ਾਂ ਦੀ ਪੀੜ ਉਨ੍ਹਾਂ ਦੀਆਂ ਅਨੇਕ ਕਵਿਤਾਵਾਂ ਵਿਚ ਝਲਕਦੀ ਹੈ। 'ਮੈਂ ਤੁਹਾਡੇ ਲੋਕਾਂ ਤੋਂ ਦੂਰ ਹਾਂ' ਕਵਿਤਾ ਵਿਚ :—

ਖਿਲਾਂਆਂ ਨਾਲ ਭਰੀ ਪੀੜ ਹੀ ਸੱਚ ਹੈ
ਬਾਕੀ ਸਭ ਅਵਾਸਟਵ, ਅਯਥਾਰਥ, ਝੂਠ ਹੈ, ਭਰਮ ਹੈ ... ਸੱਚ ਸਿਰਫ਼ ਇਕ ਜੋ ਕਿ

ਦੁੱਖਾਂ ਦੀ ਲੜੀ ਹੈ

ਪਰ ਉਹ ਜਾਣਦੇ ਹਨ ਕਿ ਪੀੜਾਂ ਸੱਚ ਹੁੰਦਿਆਂ ਵੀ ਮੁਕਤੀ ਕਿੱਥੇ ਹੈ। 'ਚਕਮਕ ਦੀਆਂ ਚਿੰਗਾੜੀਆਂ' ਕਵਿਤਾ ਵਿਚ :—

ਅਰੇ ! ਲੋਕ ਸਾਥ ਦੀ ਗਰਮੀ ਤੋਂ
ਬਿਨਾ ਵਿਅਕਤੀਤਵ ਦੇ ਪੱਥਰ ਜੁੜ ਨਹੀਂ ਸਕਦੇ
ਤੇਰੀ ਮੁਕਤੀ ਉਨ੍ਹਾਂ ਦੇ ਪ੍ਰੇਮ ਨਾਲ ਹੋਵੇਗੀ
ਕਿ ਆਪਣੀ ਮੁਕਤੀ ਦੇ ਰਸਤੇ
ਇਕੱਲਿਆਂ ਨਹੀਂ ਮਿਲਦੇ

'ਚਾਂਦ ਕਾ ਮੂੰਹ ਟੇਠਾ ਹੈ' ਕਵਿਤਾ ਵਿਚ ਵਿਵਸਥਾ ਦੇ ਭਿਆਨਕ ਰੂਪ ਨੂੰ ਚਿਤਰਿਤ ਕਰਦਿਆਂ ਉਹ ਐਲਾਨ ਕਰਦੇ ਹਨ ਕਿ 'ਇਸ ਨਾਜ਼ੁਕ ਘੜੀ ਵਿੱਚ

ਪੋਸਟਰ ਹੀ ਕਵਿਤਾ ਹੈ,

ਏਸ ਵਿਵਸਥਾ ਦੇ ਖ਼ੂਨਪੀਣੇ ਚਰਿਤ੍ਰ ਨੂੰ ਉਹ ਪਠਾਨ ਦੇ ਬਿੰਬ ਰਾਹੀਂ 'ਇਕ ਆਤਮ ਬਿਆਨ' ਕਵਿਤਾ ਵਿਚ ਉਘਾੜਦੇ ਹਨ :—

ਹਨੇਰੀ ਗਲੀਆਂ ਵਿਚ ਘੁੰਮਦਾ ਹੈ
ਤੜਕੇ ਹੀ ਰੋਜ਼
ਕੋਈ ਮੌਤ ਦਾ ਪਠਾਨ
ਮੰਗਦਾ ਹੈ ਜ਼ਿੰਦਗੀ ਜਿਊਣ ਦਾ ਵਿਆਜ
ਅਣਜਾਣਿਆ ਕਰਜ਼
ਮੰਗਦਾ ਹੈ ਚੁਕਾਉਣ ਵਿਚ ਪ੍ਰਾਣਾਂ ਦਾ ਮਾਸ

ਮੁਕਤੀਬੋਧ ਨੇ ਵਿਵਸਥਾ ਦੇ ਭਿਆਨਕ ਚਿੱਤਰ ਵੀ ਪੇਸ਼ ਕੀਤੇ ਹਨ ਤੇ ਉਸ ਦੇ ਖਿਲਾਫ਼ ਲੜ ਰਹੇ ਲੋਕਾਂ ਦੇ ਸੰਘਰਸ਼ ਵੀ ਉਕੇਰੇ ਹਨ। ਆਪਣੀ ਕਾਵਿ-ਕਲਾ ਦਾ ਸਿਖਰ ਉਹ 'ਹਨੇਰੇ ਵਿਚ' ਕਵਿਤਾ ਵਿਚ ਹਾਸਲ ਕਰਦੇ ਹਨ। ਕਰੀਬ ਪੰਜਾਹ ਸਫ਼ਿਆਂ ਦੀ ਇਸ ਕਵਿਤਾ ਵਿਚ ਉਨ੍ਹਾਂ ਵਿਵਸਥਾ ਦੇ ਅਤਿਆਚਾਰ,ਜਨ-ਸੰਘਰਸ਼ ਇਤਿਹਾਸ ਪਰੰਪਰਾ, ਸਭ ਕੁੱਝ ਨੂੰ ਬੜੀ ਕੁਸ਼ਲਤਾ ਨਾਲ ਇਸ ਲੰਮੀ ਕਵਿਤਾ ਵਿਚ ਪਰੋਇਆ ਹੈ। ਇਸ ਕਵਿਤਾ ਦਾ ਰੂਪ ਨਾਟਕੀ ਹੈ। ਇਕ ਫੈਂਟੇਸੀ ਰਾਹੀਂ ਉਹ ਸੁਪਨਕਥਾ ਬੁਣਦੇ ਹਨ, ਜਿਸ ਵਿਚ ਤਿੰਨ ਘਟਨਾਵਾਂ ਮੁੱਖ ਹਨ— **ਮ੍ਰਿਤ ਦਲ ਦੀ ਸ਼ੋਭਾ ਯਾਤਰਾ, ਫੌਜੀ ਸ਼ਾਸਨ ਅਤੇ ਲੋਕ-ਕਰਾਂਤੀ ਦਾ ਸੂਤਰਪਾਤ।**

'ਹਨੇਰੇ ਵਿਚ' ਕਵਿਤਾ ਦੀ ਭਵਿੱਖ ਦ੍ਰਿਸ਼ਟੀ ਇਸ ਗੱਲ ਵਿਚ ਹੈ ਕਿ 1960 ਦੇ ਸ਼ੁਰੂ ਵਿਚ ਹੀ ਉਨ੍ਹਾਂ ਭਾਰਤ ਦੇ ਸੰਭਾਵੀ ਫਾਸਿਸਟ ਤੌਰ ਤਰੀਕਿਆਂ ਦੀ ਯਥਾਰਥ ਰੂਪ ਵਿਚ ਸ੍ਰਿਸ਼ਟੀ ਕਰ ਦਿੱਤੀ ਸੀ। ਇਹ ਕੋਈ ਅਚਨਚੇਤੀ ਗੱਲ ਨਹੀਂ ਕਿ ਭਾਰਤ ਦੇ ਸਤਵੇਂ ਦਹਾਕੇ ਅੰਦਰ ਵਾਪਰੀਆਂ ਘਟਨਾਵਾਂ ਦੇ ਪ੍ਰਸੰਗ ਵਿਚ 'ਹਨੇਰੇ ਵਿਚ' ਕਵਿਤਾ ਬੇਹੱਦ ਮਕਬੂਲ ਹੋਈ। ਛੇਵੇਂ ਦਹਾਕੇ ਵਿਚ ਹੀ ਮੁਕਤੀਬੋਧ ਨੇ ਸਤਵੇਂ ਦਹਾਕੇ ਦਾ ਚਿੱਤਰ ਪੇਸ਼ ਕਰ ਦਿੱਤਾ ਸੀ। ਮੁਕਤੀਬੋਧ ਖ਼ੁਦ ਆਪੂੰ ਸਿਰਜੀ ਹਕੀਕਤ ਨੂੰ ਦੇਖਣ ਲਈ, ਆਪਣੀ ਭਵਿੱਖ ਬਾਣੀ ਸੱਚ ਹੁੰਦੀ ਦੇਖਣ ਲਈ ਜਿਊਂਦੇ ਨਹੀਂ ਰਹੇ, ਪਰ ਆਪਣੀ ਆਤਮਾ ਵਿਚ ਇਸਦੀ ਅੰਗਾਊਂ ਪੀੜ ਉਹ ਭੁਗਤ ਗਏ ਅਤੇ ਆਪਣੀ ਇਸ ਇਤਿਹਾਸਕ ਕਵਿਤਾ ਰਾਹੀ ਇਸਨੂੰ ਦਸਤਾਵੇਜ਼ੀ ਰੂਪ ਵੀ ਦੇ ਗਏ।

'ਹਨੇਰੇ ਵਿਚ' ਕਵਿਤਾ ਦਾ ਨਾਇਕ ਸਵੈ-ਬੇਗਾਨਗੀ ਦਾ ਸ਼ਿਕਾਰ ਹੈ ਤੇ ਆਪਣੀ ਗੁਫ਼ਾ ਵਿਚ ਵਾਸ ਕਰਦਿਆਂ ਉਹ ਦੇਖਦਾ ਹੈ :—

ਜ਼ਿੰਦਗੀ ਦੇ—
ਕਮਰਿਆ ਵਿਚ ਹਨੇਰੇ
ਲਾਉਂਦਾ ਹੈ ਚੱਕਰ
ਕੋਈ ਇਕ ਲਗਾਤਾਰ
ਅਵਾਜ਼ ਪੈਰਾਂ ਦੀ ਦਿੰਦੀ ਹੈ ਸੁਨਾਈ
ਵਾਰ ਵਾਰ...ਵਾਰ ਵਾਰ

ਮੁਕਤੀਬੋਧ ਦਾ ਨਾਇਕ ਜਾਣਦਾ ਹੈ ਕਿ ਇਹ ਰਹੱਸਮਈ ਵਿਅਕਤੀ ਉਸੇ ਦੀ ਆਤਮਾ ਦੀ ਹਾਲੀ ਤੱਕ ਅਭਿਵਿਅਕਤ ਨਾ ਹੋਇਆ ਪੱਖ ਹੈ।

ਇਸ ਤੋਂ ਬਾਦ ਨਾਇਕ 'ਮ੍ਰਿਤ ਦਲ ਦੀ ਸ਼ੋਭਾ ਯਾਤਰਾ' ਦੇਖਦਾ ਹੈ :

ਡੂੰਘੀਆਂ ਮ੍ਰਿਤ ਆਤਮਾਵਾਂ ਇਸੇ ਸ਼ਹਿਰ ਦੀਆਂ
ਹਰ ਰਾਤ ਜਲੂਸ ਵਿਚ ਚਲਦੀਆਂ
ਪਰ ਦਿਨ ਵਿਚ ਬੈਠਦੀਆਂ ਹਨ
ਮਿਲਕੇ ਕਰਦੀਆਂ ਸਾਜ਼ਿਸ਼
ਵੱਖ ਵੱਖ ਦਫ਼ਤਰਾਂ, ਕੇਂਦਰਾਂ, ਘਰਾਂ ਵਿਚ
ਹਾਇ ਹਾਇ ! ਮੈਂ ਉਨ੍ਹਾਂ ਨੂੰ ਵੇਖ ਲਿਆ ਨੰਗਾ
ਇਸੇਦੀ ਮੈਨੂੰ ਹੋਰ ਸਜ਼ਾ ਮਿਲੇਗੀ

ਏਨ੍ਹਾਂ ਸਾਜ਼ਿਸ਼ਾਂ ਦੇ ਖ਼ਿਲਾਫ਼ ਜਾਗ੍ਰਿਤੀ ਵੀ ਫੈਲ ਰਹੀ ਹੈ, ਤੇ ਜਿਸਨੂੰ ਕੱਲ ਤੱਕ ਪਾਗਲ, ਸਿਰਫ਼ਿਰਾ ਕਿਹਾ ਜਾਂਦਾ ਸੀ, ਉਹੋ ਜਾਗ੍ਰਿਤੀ ਦਾ ਝੰਡਾਬਰਦਾਰ ਹੈ—

ਅੱਜ ਇਸ ਰਾਤ ਗੱਲ ਅਜੀਬ ਹੈ
ਉਹੋ ਜੋ ਸਿਰਫਿਰਾ ਪਾਗਲ ਬਿਲਕੁਲ ਸੀ
ਅੱਜ ਅਚਾਨਕ ਉਹ
ਜਾਗ੍ਰਿਤ ਬੁੱਧੀ ਹੈ, ਜਗਦੀ ਜੋਤ ਹੈ

ਸਾਜ਼ਿਸ਼ਾਂ ਤੇ ਲੋਕ-ਜਾਗ੍ਰਿਤੀ ਨੂੰ ਦੇਖਦਾ ਮੁਕਤੀਬੋਧ ਦਾ ਨਾਇਕ ਆਤਮ-ਚਿੰਤਨ ਕਰਦਾ ਹੈ—

ਓ ! ਮੇਰੇ ਆਦਰਸ਼ਵਾਦੀ ਮਨ
ਓ ! ਮੇਰੇ ਸਿਧਾਂਤਵਾਦੀ ਮਨ

ਹੁਣ ਤੱਕ ਕੀਤਾ ਕੀ ?
ਜੀਵਨ ਜਿਉਇਆ ਕੀ ?
ਦੁੱਖਾਂ ਦੇ ਦਾਗਾਂ ਨੂੰ ਤਮਗਿਆਂ ਵਾਂਗ ਪਹਿਨਿਆ
ਆਪਣੇ ਹੀ ਖ਼ਿਆਲਾਂ ਵਿਚ ਦਿਨ ਰਾਤ ਡੁੱਬਿਆ
ਲਿਆ ਬਹੁਤ ਬਹੁਤ ਜ਼ਿਆਦਾ
ਦਿੱਤਾ ਬਹੁਤ ਬਹੁਤ ਘੱਟ
ਮਰ ਗਿਆ ਦੇਸ਼
ਤੇ ਜਿਉਂਦਾ ਰਹਿ ਗਿਆ ਤੂੰ !!
ਨਾਇਕ ਨੂੰ ਸਮਝ ਆ ਗਈ ਹੈ ਕਿ :
ਹੁਣ ਅਭਿਵਿਅਕਤੀ ਦੇ ਸਾਰੇ ਖਤਰੇ
ਚੁੱਕਣੇ ਹੀ ਪੈਣਗੇ
ਤੋੜਨੇ ਹੀ ਪੈਣਗੇ ਮੱਠ ਤੇ ਗੜ੍ਹ ਸਾਰੇ

ਨਾਇਕ ਨੇ ਆਪਣੀ ਚੇਤਨਾ ਰਾਹੀਂ ਸਮਝ ਲਿਆ ਹੈ—

'ਕਵਿਤਾ ਵਿਚ ਕਹਿਣ ਦੀ ਆਦਤ ਨਹੀਂ,
ਪਰ ਕਹਿ ਦਿਆਂ
ਵਰਤਮਾਨ ਸਮਾਜ ਚੱਲ ਨਹੀਂ ਸਕਦਾ
ਪੂੰਜੀ ਨਾਲ ਜੁੜਿਆ ਹਿਰਦਾ ਬਦਲ ਨਹੀਂ ਸਕਦਾ,

ਮ੍ਰਿਤ ਦਲ ਦੀ ਸ਼ੋਭਾ ਤੋਂ ਬਾਦ ਫੌਜੀ ਬੂਟਾਂ ਦਾ ਰਾਜ ਹੋ ਗਿਆ ਹੈ ਤੇ ਕਿਧਰੇ ਅੱਗ ਲੱਗੀ ਹੈ, ਕਿਧਰੇ ਗੋਲੀ ਚੱਲ ਰਹੀ ਹੈ...ਪਰ ਬੁੱਧੀਜੀਵੀ ?

'ਸਭ ਚੁੱਪ, ਸਾਹਿਤਕ ਚੁੱਪ ਤੇ ਕਵੀਜਨ ਨਿਰਵਾਕ
ਚਿੱਤਰਕਾਰ, ਸ਼ਿਲਪਕਾਰ, ਨਰਤਕ ਚੁੱਪ ਨੇ
ਉਨ੍ਹਾਂ ਦੇ ਖ਼ਿਆਲ ਵਿਚ ਗੱਪ ਹੈ
ਸਿਰਫ਼ ਲੋਕਕਥਾ
ਲਹੂਚੂਸ ਵਰਗ ਦੀ ਧੂਨੀ ਨਾਲ ਬੱਝੇ ਇਹ ਸਾਰੇ ਲੋਕ
ਨਪੁੰਸਕ ਭੋਗ ਸ਼ਿਰਾ-ਜਾਲਾਂ ਵਿਚ ਉਲਝੇ
ਪ੍ਰਸ਼ਨਾਂ ਦੀ ਪੋਤਲੀ ਜਿਹੀ ਪਛਾਣ
ਰਾਹ ਤੋਂ ਅਣਜਾਣ
ਚੜ੍ਹ ਗਿਆ ਕਿਤੇ ਕ੍ਰੋਧੀ ਨਿਰਦਈ
ਕਿਤੇ ਅੱਗ ਲੱਗ ਗਈ, ਕਿਤੇ ਗੋਲੀ ਚੱਲ ਗਈ

ਪਰ ਦੂਜੇ ਪਾਸੇ ਲੋਕ ਸੰਘਰਸ਼ ਵੀ ਵਧ-ਫੁੱਲ ਰਿਹਾ ਹੈ—

'ਆਤਮਾ ਦੇ ਚੱਕੇ ਤੇ ਚੜ੍ਹਾਇਆ ਜਾ ਰਿਹਾ
ਸੰਕਲਪ ਸ਼ਕਤੀ ਦੇ ਲੋਹੇ ਦਾ ਮਜ਼ਬੂਤ
ਬਲਦਾ ਟਾਇਰ
ਹੁਣ ਜੁੱਗ ਬਦਲਿਆ ਏ ਵਾਕਈ
ਕਿਤੇ ਅੱਗ ਲੱਗ ਗਈ, ਕਿਤੇ ਗੋਲੀ ਚੱਲ ਗਈ

ਤੇ 'ਹਨੇਰੇ ਵਿਚ' ਦੇ ਨਾਇਕ ਨੂੰ ਵੀ ਆਪਣੀ ਅਭਿਵਿਅਕਤੀ ਦੀ ਤਲਾਸ਼ ਪੂਰੀ ਹੁੰਦੀ ਜਾਪਦੀ ਹੈ

ਖੋਜਦਾ ਹਾਂ ਪਠਾਰ...ਪਹਾੜ...ਸਮੁੰਦਰ
ਜਿਥੇ ਮਿਲ ਸਕੇ ਮੈਨੂੰ
ਮੇਰੀ ਉਹ ਗੁਆਚੀ ਹੋਈ
ਪਰਮ ਅਭਿਵਿਅਕਤੀ ਅਨਿਵਾਰ
ਆਤਮ ਸੰਭਵਾ'

ਮੁਕਤੀਬੋਧ ਨੇ ਇਹ ਕਵਿਤਾ 1957-62 ਦੇ ਦੌਰਾਨ ਲਿਖੀ, ਪਰ ਇਹੋ ਕਵਿਤਾ 1967-71 ਜਾਂ ਉਸਤੋਂ ਬਾਦ ਦੀ ਹਿੰਦੁਸਤਾਨ ਦੀ ਰਾਜਨੀਤਕ-ਸਮਾਜਕ ਹਾਲਤ ਤੇ ਪੂਰੀ ਤਰ੍ਹਾਂ ਖਰੀ ਉਤਰਦੀ ਹੈ। ਡਾ. ਰਾਮ ਵਿਲਾਸ ਸ਼ਰਮਾ 'ਹਨੇਰੇ ਵਿਚ' ਕਵਿਤਾ ਦੀ ਮੂਲ ਸਮੱਸਿਆ ਮੱਧ ਵਰਗੀ ਬੁੱਧੀਜੀਵੀ ਦੀ ਪ੍ਰੋਲਤਾਰੀ ਨਾਲ ਆਤਮਕ ਮੇਲ ਕਿਵੇਂ ਹੋਣ ਨੂੰ ਮੰਨਦੇ ਹਨ। ਉਹ ਇਹ ਵੀ ਕਹਿੰਦੇ ਹਨ ਕਿ ਇਸ ਕਵਿਤਾ ਵਿਚ ਦਬਾਏ ਗਏ, ਪਰ ਸੁਭਾਵਕ ਮਨੁੱਖੀ ਭਾਵਾਂ ਦਾ ਸਜੀਵ ਵਰਨਣ ਵੀ ਕੀਤਾ ਗਿਆ ਹੈ।

ਮੁਕਤੀਬੋਧ 'ਹਨੇਰੇ ਵਿਚ' ਕਵਿਤਾ ਵਿਚ ਭਾਰਤ ਦੀ ਕਰਾਂਤੀ ਦਾ ਜੋ ਬਿੰਬ ਪੇਸ਼ ਕਰਦੇ ਹਨ, ਉਹ ਹਥਿਆਰਬੰਦ ਕਰਾਂਤੀ ਦਾ ਹੀ ਬਿੰਬ ਹੈ। ਮੁਕਤੀਬੋਧ ਸਮਝਦੇ ਹਨ ਕਿ ਅਜਿਹੀ ਭਿਆਨਕ, ਦਮਨਕਾਰੀ ਵਿਵਸਥਾ ਨੂੰ ਸਿਵਾ ਹਥਿਆਰਬੰਦ ਸੰਘਰਸ਼ ਤੋਂ ਬਦਲਿਆ ਹੀ ਨਹੀਂ ਜਾ ਸਕਦਾ।

ਮੁਕਤੀਬੋਧ ਨਿਸ਼ਚੇ ਹੀ ਹਿੰਦੀ ਕਵਿਤਾ ਦੀ ਸਿਖਰ ਦੀ ਉਪਲਬਧੀ ਹਨ। ਇਹੀ ਕਾਰਣ ਹੈ ਕਿ ਆਉਣ ਵਾਲੀਆਂ ਪੀੜ੍ਹੀਆਂ ਲਈ ਉਹ ਪ੍ਰੇਰਣਾ ਦਾ ਸਰੋਤ ਤੇ ਆਦਰਸ਼ ਕਵੀ ਬਣ ਗਏ। ਇਹ ਸਹੀ ਹੈ ਕਿ ਉਨ੍ਹਾਂ ਦੀ ਕਵਿਤਾ ਦਾ ਰੂਪ ਸੰਘਰਸ਼ਸ਼ੀਲ ਜਨਤਾ ਦੀਆਂ ਲੋੜਾਂ ਪੂਰੀਆਂ ਨਹੀਂ ਕਰਦਾ, ਜਦਕਿ ਨਾਗਾਰਜਨ ਜਾਂ ਗੋਰਖ ਪਾਂਡੇ ਦੀ ਕਵਿਤਾ ਦਾ ਰੂਪ ਇਹ ਲੋੜਾਂ ਕਾਫ਼ੀ ਹੱਦ ਤੱਕ ਪੂਰੀਆਂ ਕਰਦਾ ਹੈ, ਪਰ ਜਮਾਤਾਂ ਵਿਚ ਵੰਡੇ ਸਮਾਜ ਵਿਚ ਮੱਧ ਵਰਗ ਵਿਚ ਅਜਿਹੇ ਕਵੀ ਤਾਂ ਪੈਦਾ ਹੁੰਦੇ ਹੀ ਰਹਿਣਗੇ। ਸਵਾਲ ਇਸ ਗੱਲ ਦਾ ਹੈ ਕਿ ਉਹ ਦਿਸ਼ਾ ਕੀ ਲੈਣਗੇ। ਮੁਕਤੀਬੋਧ ਦੀ ਚੇਤਨ ਦਿਸ਼ਾ ਮੁਕਤੀ ਦੇ ਰਾਹ ਦੀ ਹੀ ਹੈ।

ਮੁਕਤੀਬੋਧ ਦੀ ਪਰੰਪਰਾ ਨੂੰ ਹਿੰਦੀ ਕਵਿਤਾ ਵਿਚ ਅਨੇਕਾਂ ਹੀ ਨੌਜਵਾਨ ਕਵੀਆਂ ਨੇ ਅਪਣਾਇਆ ਤੇ ਅਪਣਾ ਰਹੇ ਹਨ। ਇਥੇ ਉਨ੍ਹਾਂ ਵਿਚੋਂ ਦੋ ਪ੍ਰਤੀਨਿਧ ਕਵੀਆਂ ਧੂਮਿਲ ਤੇ ਕੁਮਾਰ ਵਿਕਲ ਦੀਆਂ ਰਚਨਾਵਾਂ ਤੇ ਵਿਚਾਰ ਕੀਤਾ ਜਾਵੇਗਾ।

## ਧੂਮਿਲ

ਧੂਮਿਲ ਦੇ ਸਾਹਿਤਕ ਨਾਂ ਨਾਲ ਪ੍ਰਸਿੱਧ—ਸੁਦਾਮਾ ਪਾਂਡੇ ਦਾ ਜਨਮ 2 ਨਵੰਬਰ 1936 ਨੂੰ ਬਨਾਰਸ ਨੇੜੇ ਖੇਵਲੀ ਪਿੰਡ ਵਿਚ ਹੋਇਆ। 38-39 ਵਰ੍ਹਿਆਂ ਦੀ ਭਰ ਜਵਾਨ ਵਿਚ ਹੀ ਧੂਮਿਲ ਇਸ ਸੰਸਾਰ ਤੋਂ ਵਿਦਾ ਹੋ ਗਏ, ਪਰ ਆਪਣੇ ਪਿੱਛੇ ਕਵਿਤਾਵਾਂ ਦਾ ਅਮੁੱਲ

ਖ਼ਜ਼ਾਨਾ ਛੱਡ ਗਏ। ਉਨ੍ਹਾਂ ਦੇ ਹੁਣ ਤੱਕ ਤਿੰਨ ਕਾਵਿ-ਸੰਗ੍ਰਹਿ ਪ੍ਰਕਾਸ਼ਤ ਹੋਏ ਹਨ; ਜਿਨ੍ਹਾਂ ਵਿਚੋਂ ਇਕ ਉਨ੍ਹਾਂ ਦੇ ਜੀਵਨ-ਕਾਲ ਦੌਰਾਨ ਤੇ ਦੋ ਉਨ੍ਹਾਂ ਦੇ ਦਿਹਾਂਤ ਬਾਦ ਛਪੇ। 1975 ਵਿਚ ਉਨ੍ਹਾਂ ਦੀ ਮੌਤ ਬਾਦ ਉਨ੍ਹਾਂ ਨੂੰ 'ਮੁਕਤੀਬੋਧ ਪੁਰਸਕਾਰ' ਮਿਲਿਆ। 10 ਫਰਵਰੀ 1975 ਨੂੰ ਉਨ੍ਹਾਂ ਨੂੰ ਉਨ੍ਹਾਂ ਦੇ ਦਿਹਾਂਤ ਦੇ ਪੂਰੇ ਚਾਰ ਸਾਲ ਬਾਦ ਸਾਹਿਤ ਅਕਾਦਮੀ ਨੇ ਉਨ੍ਹਾਂ ਦੇ 1977 ਵਿਚ ਛਪੇ ਕਾਵਿ ਸੰਗ੍ਰਹਿ ਤੇ 'ਸਾਹਿਤ ਅਕਾਦਮੀ ਪੁਰਸਕਾਰ' ਦਿੱਤਾ।

ਧੂਮਿਲ ਦਾ ਪਹਿਲਾ ਕਵਿਤਾ ਸੰਗ੍ਰਹਿ 'ਸੰਸਦ ਤੋਂ ਸੜਕ ਤੱਕ' 1972 ਵਿਚ ਪ੍ਰਕਾਸ਼ਤ ਹੋਇਆ। ਇਸ ਵਿਚ ਉਨ੍ਹਾਂ ਦੀਆਂ 25 ਕਵਿਤਾਵਾਂ ਸ਼ਾਮਲ ਹਨ। 1977 ਵਿਚ ਉਨ੍ਹਾਂ ਦੀ ਵਿਧਵਾ ਸ਼੍ਰੀਮਤੀ ਮੂਰਤੀ ਨੇ 'ਕਲ੍ਹ ਸੁਨਨਾ ਮੁਝੇ' ਦੇ ਸਿਰਲੇਖ ਹੇਠ ਉਨ੍ਹਾਂ ਦਾ ਦੂਜਾ ਕਾਵਿ-ਸੰਗ੍ਰਹਿ ਪ੍ਰਕਾਸ਼ਤ ਕੀਤਾ, ਇਸ ਵਿਚ 37 ਕਵਿਤਾਵਾਂ ਹਨ। ਉਨ੍ਹਾਂ ਦਾ ਤੀਜਾ ਕਵਿਤਾ ਸੰਗ੍ਰਹਿ 'ਸੁਦਾਮਾ ਪਾਂਡੇ ਦਾ ਪ੍ਰਜਾਤੰਤਰ' —ਉਨ੍ਹਾਂ ਦੇ ਪੁੱਤਰ ਰਤਨ ਸ਼ੰਕਰ ਨੇ ਸੰਪਾਦਨ ਕਰ ਕੇ ਛਾਪਿਆ ਤੇ ਇਸ ਸੰਗ੍ਰਹਿ ਵਿਚ ਉਨ੍ਹਾਂ ਦੀਆਂ 61 ਕਵਿਤਾਵਾਂ ਸ਼ਾਮਲ ਹਨ।

ਧੂਮਿਲ ਦੀ ਕਾਵਿ-ਰਚਨਾ ਵੀ ਨਕਸਲਬਾੜੀ ਲਹਿਰ ਤੋਂ ਪ੍ਰਭਾਵਤ ਹੈ, ਇਸੇ ਲਈ ਉਨ੍ਹਾਂ ਦੇ ਪਹਿਲੇ ਕਾਵਿ-ਸੰਗ੍ਰਹਿ ਦੇ ਨਾਂ ਤੇ ਇਸ ਵਿਚਲੀਆਂ ਕਵਿਤਾਵਾਂ ਨੇ ਕਾਫੀ ਸਨਸਨੀ ਫੈਲਾਈ। 'ਸੰਸਦ ਤੋਂ ਸੜਕ ਤੱਕ' ਸਿਰਲੇਖ ਆਪਣੇ ਆਪ ਵਿਚ ਬੜਾ ਅਰਥ ਭਰਪੂਰ ਹੈ ਤੇ ਨਕਸਲਬਾੜੀ ਲਹਿਰ ਦੀ ਸਿਆਸੀ ਦਿਸ਼ਾ ਨੂੰ ਵੀ ਇਕ ਪੱਧਰ ਤੇ ਇਹ ਸਿਰਲੇਖ ਅਭਿਵਿਅੰਜਤ ਕਰਦਾ ਹੈ। ਹਾਲਾਂਕਿ ਕਵਿਤਾ ਦੀ ਜੋ ਵਿਆਖਿਆ ਧੂਮਿਲ ਨੇ ਕੀਤੀ ਹੈ, ਉਹ ਕਲਾਵਾਦੀਆਂ ਨੂੰ ਵੀ ਕਾਫ਼ੀ ਪਸ਼ੰਦ ਆ ਸਕਦੀ ਹੈ।

ਕਵਿਤਾ
ਭਾਸ਼ਾ ਵਿਚ
ਆਦਮੀ ਹੋਣ ਦੀ ਤਮੀਜ਼ ਹੈ
ਪਰ ਕਲਾਵਾਦੀਆਂ ਦੇ ਉਲਟ ਪਰੀਭਾਸ਼ਾ ਵੀ ਹੈ—
ਇਕ ਸਹੀ ਕਵਿਤਾ
ਪਹਿਲਾਂ
ਇਕ ਸਾਰਥਕ ਬਿਆਨ ਹੁੰਦੀ ਹੈ

ਧੂਮਿਲ ਦੀਆਂ ਕਵਿਤਾਵਾਂ ਵਿਚ ਮੁੱਖ ਵਿਸ਼ਾ ਤਾਂ ਰਾਜਨੀਤੀ ਹੀ ਹੈ, ਪਰ ਔਰਤ, ਔਰਤ-ਮਰਦ ਸੰਬੰਧ ਵੀ ਉਨ੍ਹਾਂ ਦੀ ਕਵਿਤਾ ਦਾ ਕਾਫੀ ਵਿਸ਼ਾ ਬਣਦੇ ਹਨ। ਅਜ਼ਾਦੀ ਦੇ ਵੀਹ ਵਰ੍ਹਿਆਂ ਬਾਦ ਕਵੀ ਨੂੰ ਮਹਿਸੂਸ ਹੁੰਦਾ ਹੈ :

ਕੀ ਆਜ਼ਾਦੀ ਸਿਰਫ਼ ਤਿੰਨ ਥੱਕੇ ਹੋਏ ਰੰਗਾਂ ਦਾ ਨਾਂ ਹੈ।
ਜਿਸਨੂੰ ਇਕ ਪਹੀਆ ਢੋਂਦਾ ਹੈ
ਜਾਂ ਇਸਦਾ ਕੋਈ ਖਾਸ ਮਤਲਬ ਹੁੰਦਾ ਹੈ ?
(ਵੀਹ ਵਰ੍ਹੇ ਬਾਦ)

'ਮੋਚੀਰਾਮ', ਨਕਸਲਬਾੜੀ, ਹਤਿਆਰੀ ਸੰਭਾਵਨਾਵਾਂ ਦੇ ਹੇਠ, 'ਮੁਨਾਸਿਬ ਕਾਰਵਾਈ', ਤੇ 'ਪਟਕਥਾ' ਏਸ ਸੰਗ੍ਰਹਿ ਦੀਆਂ ਕੁੱਝ ਮਹੱਤਵਪੂਰਨ ਰਚਨਾਵਾਂ ਹਨ। ਭਾਰਤੀ ਲੋਕਤੰਤਰ ਨੂੰ ਉਹ ਹੇਠਲੇ ਚਿੱਤਰ ਵਿਚ ਪੇਸ਼ ਕਰਦੇ ਹਨ :

ਅਤੇ ਹਵਾ ਵਿਚ ਇਕ ਹੋਰ ਚਮਕਦਾਰ ਸ਼ਬਦ
ਸੁੱਟ ਦਿੱਤਾ ਹੈ—'ਲੋਕਤੰਤਰ'
ਜਿਸਦਾ ਹਰ ਰੋਜ਼ ਸੈਂਕੜੇ ਵਾਰ ਕਤਲ ਹੁੰਦਾ ਹੈ
ਅਤੇ ਹਰ ਵੇਰਾਂ
ਉਹ ਭੇੜੀਆਂ ਦੀ ਜ਼ੁਬਾਨ ਤੇ ਜਿਉਂਦਾ ਹੈ

ਇਹ ਕਿਹੋ ਜਿਹੀ ਵਿਵਸਥਾ ਹੈ, ਜੋ ਆਦਮੀ ਨੂੰ ਆਪਣੇ ਤੋਂ ਬੇਗਾਨਾ ਬਣਾ ਕੇ ਉਸਨੂੰ ਆਪਣੀ ਹੋਂਦ ਦੇ ਖਿਲਾਫ਼ ਖੜਾ ਕਰ ਦਿੰਦੀ ਹੈ—

ਸਚਮੁਚ ਮਜਬੂਰੀ ਹੈ
ਪਰ ਜ਼ਿੰਦਾ ਰਹਿਣ ਲਈ
ਪਾਲਤੂ ਹੋਣਾ ਜ਼ਰੂਰੀ ਹੈ
× ਆਪਣੇ ਬਚਾਅ ਲਈ
ਆਪਣੇ ਹੀ ਖਿਲਾਫ਼ ਹੋ ਜਾਣ ਤੋਂ ਸਿਵਾ
ਹੋਰ ਰਾਹ ਕੀ ਹੈ ?
ਮੈਂ ਤੁਹਾਥੋਂ ਹੀ ਪੁੱਛਦਾ ਹਾਂ

ਧੂਮਿਲ ਦਾ ਇਹ ਸਵਾਲ ਆਪਣੇ ਮੱਧ-ਵਰਗ ਦੇ ਬੁੱਧੀਜੀਵੀਆਂ ਨੂੰ ਸੰਬੋਧਤ ਜਾਪਦਾ ਹੈ, ਨਹੀਂ ਇਸ ਦਾ ਜਵਾਬ ਦੇਣ ਵਾਲੇ ਕਰਾਂਤੀਕਾਰੀ ਲੋਕ ਤਾਂ ਬਹੁਤ ਹਨ।

'ਹਤਿਆਰੀ ਸੰਭਾਵਨਾਵਾਂ ਦੇ ਹੇਠ' ਵਿਚ ਦਹਿਸ਼ਤ ਦੀ ਹਾਲਤ ਦਾ ਬਿੰਬ ਏਨ੍ਹਾਂ ਸ਼ਬਦਾਂ 'ਚ ਉਘਾੜਿਆ ਗਿਆ ਹੈ :

ਰਾਤ ਖ਼ਤਮ ਹੋ ਚੁੱਕੀ ਹੈ
ਅਤੇ ਉਹ ਸੁਰੱਖਿਅਤ ਨਹੀਂ ਹੈ
ਜਿਸਦਾ ਨਾਂ ਕਾਤਲਾਂ ਦੀ ਲਿਸਟ ਵਿਚ ਨਹੀਂ ਹੈ

'ਭਾਸ਼ਾ ਦੀ ਰਾਤ' ਉਨ੍ਹਾਂ ਦੀ ਲੰਮੀ ਕਵਿਤਾ ਹੈ, ਜਿਸ ਵਿਚ ਭਾਸ਼ਾ ਸਮੱਸਿਆ ਦਾ ਜ਼ਿਕਰ ਕੀਤਾ ਗਿਆ ਹੈ, ਏਸ ਸੰਗ੍ਰਹਿ ਦੀ ਸਭ ਤੋਂ ਮਹੱਤਵਪੂਰਣ ਤੇ ਸਭ ਤੋਂ ਲੰਬੀ ਕਵਿਤਾ 'ਪਟਕਥਾ' ਹੈ। ਕੁੱਝ ਹੱਦ ਤੱਕ ਇਹ ਕਵਿਤਾ ਮੁਕਤੀਬੋਧ ਦੀ 'ਹਨੇਰੇ ਵਿਚ' ਕਵਿਤਾ ਦੇ ਪੈਟਰਨ ਤੇ ਰਚੀ ਗਈ ਹੈ, ਇਸ ਕਵਿਤਾ ਵਿਚ ਸੁਤੰਤਰ ਭਾਰਤ ਦੇ ਇਤਿਹਾਸ ਤੇ ਲੋਕਾਂ ਦੀ ਜੀਵਨ ਦਸ਼ਾ ਨੂੰ ਚਿਤਰਿਆ ਗਿਆ ਹੈ ਸ਼ੁਰੂ ਵਿਚ ਬੱਚਿਆਂ ਦੀ ਚਿੰਤਾ—

ਮੈਂ ਇੰਤਜ਼ਾਰ ਕੀਤਾ
ਹੁਣ ਕੋਈ ਬੱਚਾ
ਭੁੱਖਾ ਰਹਿ ਕੇ ਸਕੂਲ ਨਹੀਂ ਜਾਵੇਗਾ,
ਮੈਂ ਇੰਤਜ਼ਾਰ ਕਰਦਾ ਰਿਹਾ—

ਆਜ਼ਾਦ ਭਾਰਤ ਵਿਚ ਕਿਸ ਤਰ੍ਹਾਂ ਦਾ ਲੋਕਤੰਤਰ ਸਥਾਪਤ ਕੀਤਾ ਗਿਆ—

ਦਰਅਸਲ, ਆਪਣਾ ਇਥੋਂ ਦਾ ਲੋਕਤੰਤਰ
ਇਕ ਅਜਿਹਾ ਤਮਾਸ਼ਾ ਹੈ
ਜਿਸਦੀ ਚਾਬੀ
ਮਦਾਰੀ ਦੀ ਭਾਸ਼ਾ ਹੈ

ਆਜ਼ਾਦੀ ਤੋਂ ਬਾਦ ਭਾਈਚਾਰੇ ਆਦਿ ਦੀਆਂ ਕੀਮਤਾਂ ਦਾ ਜਿਸ ਤਰ੍ਹਾਂ ਪਤਨ ਹੋਇਆ, ਉਸਦਾ ਜ਼ਿਕਰ ਇਨ੍ਹਾਂ ਸ਼ਬਦਾਂ 'ਚ—

ਇਕ ਆਦਮੀ ਦੂਜੇ ਨੂੰ, ਇਕੱਲਿਆਂ...
ਹਨੇਰੇ 'ਚ ਲੈ ਜਾਂਦਾ ਹੈ ਅਤੇ
ਉਸਦੀ ਪਿੱਠ 'ਚ ਛੁਰਾ ਖੋਭ ਦਿੰਦਾ ਹੈ

ਵਿਵਸਥਾ ਨੇ ਇਨਸਾਨਾਂ ਦਾ ਕਣ ਕਿਵੇਂ ਮਾਰ ਦਿੱਤਾ ਹੈ

ਉਹ ਜਿਸਦੀ ਪਿੱਠ ਠੋਕਦੇ ਹਨ
ਉਸਦੀ ਰੀੜ ਦੀ ਹੱਡੀ ਗਾਇਬ ਹੋ ਜਾਂਦੀ ਹੈ

ਬਿਲਕੁਲ ਮੁਕਤੀਬੋਧ ਵਾਂਗ ਧੂਮਿਲ ਵੀ ਬੁੱਧੀ-ਜੀਵੀਆਂ ਦੇ ਵਰਗ ਨੂੰ ਹਾਕਮ ਜਮਾਤਾਂ ਹੱਥ ਵਿਕੇ ਬਹੁ-ਰੂਪੀਏ ਬਣਾ ਕੇ ਪੇਸ਼ ਕਰਦੇ ਹਨ—

ਉਹ ਸਾਰਿਆਂ ਦੇ ਸਾਰੇ ਤਿਜੋਰੀਆਂ ਦੇ
ਦੁਭਾਸ਼ੀਏ ਹਨ
ਉਹ ਵਕੀਲ ਨੇ/ਵਿਗਿਆਨਕ ਨੇ/ਅਧਿਆਪਕ ਨੇ
ਨੇਤਾ ਨੇ/ਦਾਰਸ਼ਨਿਕ ਨੇ/ਲੇਖਕ ਨੇ
ਕਵੀ ਨੇ/ਕਲਾਕਾਰ ਨੇ/ਯਾਨੀ ਕਿ
ਕਾਨੂੰਨ ਦੀ ਭਾਸ਼ਾ ਬੋਲਦੇ
ਮੁਜਰਮਾਂ ਦਾ ਪੂਰਾ ਪਰਵਾਰ ਨੇ

ਇਸ ਹਾਲਤ ਵਿਚ ਭੁੱਖ ਤੇ ਦਇਆ ਉਪਜਦੀ ਹੈ, ਪਰ ਇਸ ਦੇ ਖ਼ਿਲਾਫ਼ ਬਗ਼ਾਵਤ ਵੀ ਉਠਦੀ ਹੈ ਤੇ ਇਸ ਬਗਾਵਤ ਵਿਚ ਤਣ ਕੇ ਉੱਠੀ ਮੁੱਠੀ ਹੀ 'ਨਕਸਲਬਾੜੀ' ਹੈ :—

ਇਕੋ ਹੀ ਸੰਵਿਧਾਨ ਹੇਠ
ਭੁੱਖ ਨਾਲ ਰੀਂ ਰੀਂ ਕਰਦੀ ਵੈਲੀ ਹਥੇਲੀ ਦਾ ਨਾਂ
'ਮਿਹਰਬਾਨੀ' ਹੈ/ਅਤੇ ਭੁੱਖ ਵਿਚ
ਤਣੀ ਹੋਈ ਮੁੱਠੀ ਦਾ ਨਾਂ
ਨਕਸਲਬਾੜੀ ਹੈ

ਸਾਰਾ ਦੇਸ਼ ਹੀ ਕਵੀ ਨੂੰ ਜੇਲ੍ਹ ਦਾ ਰੂਪ ਜਾਪਦਾ ਹੈ—

ਨਫ਼ਰਤ ਵਿਚ
ਡੁੱਬਿਆ ਹੋਇਆ ਸਾਰੇ ਦਾ ਸਾਰਾ ਦੇਸ਼
ਪਹਿਲਾਂ ਵਾਂਗ ਅੱਜ ਵੀ
ਮੇਰੀ ਜੇਲ੍ਹ ਹੈ

ਆਪਣੇ ਪਹਿਲੇ ਕਵਿਤਾ ਸੰਗ੍ਰਹਿ ਨਾਲ ਹੀ ਧੂਮਿਲ ਨੇ ਹਿੰਦੀ ਕਵਿਤਾ ਵਿਚ ਆਪਣੀ ਪੈੜਛਾਪ ਡੂੰਘੀ ਤਰ੍ਹਾਂ ਅੰਕਤ ਕਰ ਦਿੱਤੀ।

ਧੂਮਿਲ ਦਾ ਜਨਮ ਇਕ ਕਿਸਾਨ ਪਰਿਵਾਰ ਵਿਚ ਹੋਇਆ ਸੀ। ਅਤੇ ਉਨ੍ਹਾਂ ਦੇ ਸੰਸਕਾਰ ਤੇ ਅਨੁਭਵ ਸੰਸਾਰ ਵੀ ਕਿਸਾਨਾਂ ਦੇ ਜੀਵਨ ਤੋਂ ਲਿਆ ਗਿਆ ਸੀ। ਪ੍ਰੋ. ਨਾਮਵਰ ਸਿੰਘ ਧੂਮਿਲ ਦੀ ਕਵਿਤਾ ਦੀ ਸ਼ਕਤੀ ਦਾ ਸਰੋਤ ਉਨ੍ਹਾਂ ਦੇ ਪੇਂਡੂ ਅਨੁਭਵ ਤੇ ਕਿਸਾਨੀ ਸੰਸਾਰ ਨੂੰ ਹੀ ਮੰਨਦੇ ਹਨ। ਧੂਮਿਲ ਦਾ ਇਹ ਵਿਸ਼ਵਾਸ ਸੀ ਕਿ ਬਿਨਾ ਸਿਆਸੀ ਸਮਝਦਾਰੀ ਦੇ ਅੱਜ ਦਾ ਲੇਖਨ ਸੰਭਵ ਨਹੀਂ ਹੈ।

ਧੂਮਿਲ ਨੇ ਆਪਣੀ ਇਕ ਕਵਿਤਾ ਵਿਚ ਕਵਿਤਾ ਦੀ ਭੂਮਿਕਾ ਦਾ ਵੀ ਜ਼ਿਕਰ ਕੀਤਾ ਹੈ—'ਖ਼ੂਨ ਦੇ ਬਾਰੇ ਵਿਚ ਕਵਿਤਾ' ਵਿਚ ਉਨ੍ਹਾਂ ਕਿਹਾ—

ਕਵੀ ਹੈ !
ਏਸ਼ ਫੌਰੀ ਹਮਲੇ ਵਿਚ ਸਾਥ ਦੇ
ਅਤੇ ਸੁਣ
ਕਵਿਤਾ ਮਾਰਦੀ ਨਹੀਂ
ਜਾਨਾਂ ਬਚਾਉਣ ਦੀ ਕੋਸ਼ਿਸ਼ ਵਿਚ
ਪਹਿਲ ਕਰਦੀ ਹੈ

ਸ਼ਬਦਾਂ ਦੀ ਭੂਮਿਕਾ ਉਹ ਇਕ ਹੋਰ ਕਵਿਤਾ ਵਿਚ ਵੀ ਬਿਆਨਦੇ ਹਨ—'ਸ਼ਬਦ ਆਪਣੇ ਜਮਾਤੀ ਮਿੱਤਰਾਂ ਤੇ ਕਾਰਗਰ ਹੁੰਦੇ ਹਨ ਤੇ ਹਥਿਆਰ ਆਪਣੇ ਜਮਾਤੀ ਦੁਸ਼ਮਣਾਂ 'ਤੇ'

ਕਵੀ ਆਪਣੀ ਕਵਿਤਾ ਰਾਹੀਂ ਮਧੁਰ ਸੰਗੀਤ ਪੈਦਾ ਕਰਨਾ ਚਾਹੁੰਦਾ ਹੈ, ਪਰ ਅੱਜ ਦੀ ਹਾਲਤ ਵਿਚ ਉਹ ਸੰਭਵ ਨਹੀਂ—

ਕੱਲ ਸੁਣਨਾ ਮੈਨੂੰ
ਅੱਜ ਮੈਂ ਲੜ ਰਿਹਾਂ

14 ਜਨਵਰੀ 1975 ਨੂੰ ਰਚੀ ਅੰਤਮ ਕਵਿਤਾ ਵਿਚ ਧੂਮਿਲ ਦੀ ਆਪਾ-ਭੋਗੀ ਸਚਾਈ ਬਿਆਨ ਹੋਈ ਹੈ

ਲੋਹੇ ਦਾ ਸੁਆਦ
ਲੁਹਾਰ ਨੂੰ ਨਾ ਪੁੱਛੋ
ਉਸ ਘੋੜੇ ਨੂੰ ਪੁੱਛੋ
ਜਿਸਦੇ ਮੂੰਹ ਵਿਚ ਲਗਾਮ ਹੈ

'ਸੁਦਾਮਾ ਪਾਂਡੇ ਦਾ ਲੋਕਤੰਤਰ' ਸੰਗ੍ਰਹਿ ਵਿਚ ਉਹ ਲੋਕਤੰਤਰ ਦੀ ਵਿਆਖਿਆ ਇਨ੍ਹਾਂ ਸ਼ਬਦਾਂ ਵਿਚ ਕਰਦੇ ਹਨ :

ਨਾ ਕੋਈ ਲੋਕ ਹਨ
ਨਾ ਕੋਈ ਤੰਤਰ ਹੈ
ਇਹ ਆਦਮੀ ਦੇ ਖ਼ਿਲਾਫ਼
ਆਦਮੀ ਦਾ ਖੁਲਾਸਾ
ਖੜਯੰਤਰ ਹੈ ।

ਦੇਸ਼ ਨੂੰ ਪੁਲਸ, ਫ਼ੌਜ ਦੇ ਬੂਟਾਂ ਨੇ ਕਿਵੇਂ ਦਰੜ ਰੱਖਿਐ, ਇਸ ਦਾ ਚਿੱਤਰ ਉਹ 'ਕਰਫ਼ਿਊ ਵਿਚ ਇਕ ਘੰਟੇ ਦੀ ਖੁੱਲ੍ਹ' ਕਵਿਤਾ ਵਿਚ ਖਿੱਚਦੇ ਹਨ :—

ਅਤੇ ਕਰਫ਼ਿਊ ਵਿਚ ਸ਼ਾਂਤ ਠੰਡੀ ਸੜਕ ਤੇ,
ਸੈਨਿਕ ਦਸਤਿਆਂ ਦੇ ਬੂਟਾਂ ਨਾਲ
ਕਿੰਨੀ ਸਫ਼ੇਦ ਤੇ ਮਾਰਮਿਕ ਧੁਨੀ
ਨਿਕਲ ਰਹੀ ਹੈ—
ਲੋਕਤੰਤਰ ਲੋਕਤੰਤਰ...ਲੋਕਤੰਤਰ...ਲੋਕਤੰਤਰ

ਸਾਡੇ ਦੇਸ਼ ਦਾ ਲੋਕਤੰਤਰ ਕਿਸ ਤਰ੍ਹਾਂ ਫ਼ੌਜੀ-ਬੂਟਾਂ ਦਾ ਲੋਕਤੰਤਰ ਹੈ, ਇਸ ਸਥਿਤੀ ਨੂੰ ਪੰਜਾਬ ਦੇ ਪਾਠਕ ਵਧੇਰੇ ਚੰਗੀ ਤਰ੍ਹਾਂ ਸਮਝ ਸਕਦੇ ਹਨ । ਧੂਮਿਲ ਇਕ ਹੋਰ ਕਵਿਤਾ ਵਿਚ ਸਤਵੇਂ ਤੇ ਅਠਵੇਂ ਦਹਾਕੇ ਦੇ ਪ੍ਰਸੰਗ ਵਿਚ 'ਕਵਿਤਾ ਨੂੰ ਸਰਹੱਦ ਤੇ ਟੋਬਾ ਟੇਕ ਸਿੰਘ ਵਾਂਗ ਮਰਦੀ' ਵੀ ਦਿਖਾਉਂਦੇ ਹਨ ।

ਧੂਮਿਲ ਜਾਣਦੇ ਹਨ ਕਿ ਵਿਵਸਥਾ ਮੱਧ ਵਰਗ ਨੂੰ 'ਤਲਵਾਰ ਨਾਲ ਨਹੀਂ', ਵਿਚਾਰ ਨਾਲ' ਮਾਰਦੀ ਹੈ । ਧੂਮਿਲ ਹਵਾ ਦੇ ਰੁਖ ਨੂੰ ਬਦਲਣ ਦਾ ਰਾਹ ਵੀ ਜਾਣਦੇ ਹਨ : ਜੇ ਚਾਹੁੰਦੇ ਹੋ

ਕਿ ਹਵਾ ਦਾ ਰੁਖ ਬਦਲੇ
ਤਾਂ ਇਕ ਕੰਮ ਕਰੋ
ਸੰਸਦ ਜਾਮ ਕਰਨ ਤੋਂ ਬਿਹਤਰ ਹੈ
ਸੜਕ ਜਾਮ ਕਰੋ

ਧੂਮਿਲ ਨੇ ਜ਼ਿੰਦਗੀ ਦੀਆਂ ਮਾਮੂਲੀ ਤੋਂ ਮਾਮੂਲੀ ਗੱਲਾਂ ਨੂੰ ਆਪਣੀ ਕਵਿਤਾ ਵਿਚ ਢਾਲ ਕੇ ਅਸਾਧਾਰਣ ਬਣਾ ਦਿੱਤਾ । ਉਨ੍ਹਾਂ ਦੀ ਕਵਿਤਾ ਬਹੁਪਰਤੀ ਹੈ, ਤੇ ਏਨਾ ਪਰਤਾਂ ਪਿਛੇ ਮੱਧ ਵਰਗੀ ਜ਼ਿੰਦਗੀ ਦੀਆਂ ਸੱਚਾਈਆਂ ਬੜੀ ਬੇਰਹਿਮੀ ਨਾਲ ਉਘੜਦੀਆਂ ਹਨ । 'ਪਟਕਥਾ' ਦੀ ਫੈਂਟਸੀ ਵਿਚ ਉਨ੍ਹਾਂ ਆਮ ਆਦਮੀ ਦੀ ਜ਼ਿੰਦਗੀ ਦੀ ਯਥਾਰਥਕ ਤਸਵੀਰ ਹੀ ਓਘਾੜੀ ਹੈ । ਸਮੁੱਚੇ ਰੂਪ ਵਿਚ ਧੂਮਿਲ ਨੇ ਮੁਕਤੀਬੋਧ ਦੀ ਪਰੰਪਰਾ ਤੇ ਹੀ ਚਲੇ ਹਨ, ਪਰ ਜੋ ਵਿਸ਼ਾਲਤਾ, ਡੂੰਘਾਈ ਤੇ ਜਟਿਲਤਾ ਮੁਕਤੀਬੋਧ ਦੀ ਰਚਨਾ ਵਿਚ ਹੈ, ਉਹ ਧੂਮਿਲ ਨਹੀਂ ਪਾ ਸਕੇ ।

## ਕੁਮਾਰ ਵਿਕਲ

ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਪ੍ਰਕਾਸ਼ਨ ਵਿਭਾਗ ਵਿਚ ਕੰਮ ਤੇ ਲੱਗੇ ਕੁਮਾਰ ਵਿਕਲ ਦਾ ਜਨਮ 1935 ਵਿਚ ਪੱਛਮੀ ਪੰਜਾਬ ਦੇ ਗੁਜਰਾਤ ਜ਼ਿਲੇ ਵਿਚ ਵਜ਼ੀਰਾਬਾਦ ਵਿਖੇ ਹੋਇਆ । ਉਨ੍ਹਾਂ ਦਾ ਬਚਪਨ ਰਾਵਲ-ਪਿੰਡੀ ਦੀਆਂ ਗਲੀਆਂ ਵਿਚ ਗੁਜ਼ਰਿਆ ਤੇ 1947 ਬਾਦ ਟਿਕਾਣਾ ਬਣਿਆ ਲੁਧਿਆਣਾ । 1953 ਵਿਚ ਯਾਤਰਾ ਤੇ ਨਿਕਲੇ ਤਾਂ ਤਿੰਨ ਵਰ੍ਹੇ ਹਿੰਦੁਸਤਾਨ ਭਰ ਘੁੰਮਿਆ । 1956 ਵਿਚ ਮੁੜ ਕੇ ਲਾਹੌਰ ਬੁਕ ਸ਼ਾਪ ਦੀ ਨੌਕਰੀ ਕੀਤੀ ਜੋ ਬਹੁਤੀ ਦੇਰ ਰਾਸ ਨਹੀਂ ਆਈ, ਛੇਵੇਂ ਦਹਾਕੇ ਵਿਚ ਜਲੰਧਰ ਹਿੰਦੀ ਲੇਖਕਾਂ ਦਾ ਇਕ ਗਰੁੱਪ ਬਣਿਆ ਸੀ, ਜਿਸ ਵਿਚੋਂ ਅੱਜ ਕਈ ਮਹੱਤਵਪੂਰਨ ਲੇਖਕ ਦਾ ਦਰਜਾ ਹਾਸਲ ਕਰ ਚੁੱਕੇ ਹਨ—ਰਵਿੰਦਰ ਕਾਲੀਆ, ਸੁਰੇਸ਼ ਸੇਠ, ਕਪਿਲ, ਕ੍ਰਿਸ਼ਨ ਤੇ ਕੁਮਾਰ ਵਿਕਲ ਆਦਿ ਇਸ "ਲੇਖਕ ਜੁੰਡਲੀ" ਦੇ ਯਾਰ ਸਨ । ਇਸੇ ਦੌਰ ਵਿਚ ਕੁਮਾਰ ਵਿਕਲ ਨੇ ਕਵਿਤਾ ਲਿਖਣੀ ਸ਼ੁਰੂ ਕੀਤੀ । ਉਸਦੇ ਪਹਿਲੇ ਦੌਰ ਦੀ ਕਵਿਤਾ, ਜੋ ਉਨ੍ਹਾਂ ਦੇ ਦੋਹਾਂ ਸੰਗ੍ਰਿਹਾਂ ਵਿਚ ਸ਼ਾਮਲ ਨਹੀਂ ਹੈ, ਵਿਚ ਇਕੱਲੇਪਣ ਦੀ ਅਨੁਭੂਤੀ ਆਦਿ ਨੂੰ ਵਧੇਰੇ ਥਾਂ ਮਿਲਿਆ ਸੀ ਤੇ ਉਸ ਕਵਿਤਾ ਵਿਚ ਜ਼ਿੰਦਗੀ ਦੇ ਹਨੇਰੇ ਪੱਖ ਹੀ ਵੱਧ ਉਘੜਵੇਂ ਸਨ । 1962 ਵਿਚ ਚੰਡੀਗੜ੍ਹ ਆਕੇ ਵਸਣ ਬਾਦ ਵਿਕਲ ਵਿਚ ਖੱਬੇਪੱਖੀ ਰੁਝਾਨ ਵਧਿਆ ਤੇ ਉਸਦੀ ਕਵਿਤਾ ਵਿਚ ਵੀ ਨਿਖਾਰ ਆਉਣਾ ਸ਼ੁਰੂ ਹੋਇਆ ।

ਕੁਮਾਰ ਵਿਕਲ ਦੇ ਹੁਣ ਤੱਕ ਦੋ ਕਵਿਤਾ ਸੰਗ੍ਰਹਿ ਪ੍ਰਕਾਸ਼ਤ ਹੋਏ ਹਨ— 'ਏਕ ਛੋਟੀ ਸੀ ਲੜਾਈ' ਅਤੇ 'ਰੰਗ ਖਤਰੇ ਮੇਂ ਹੈ' । ਪਹਿਲੇ ਸੰਗ੍ਰਹਿ ਵਿਚ 43 ਕਵਿ-ਤਾਵਾਂ ਸਾਮਲ ਹਨ ਤੇ ਇਹ 1980 ਵਿਚ ਛਪਿਆ । ਦੂਜੇ ਸੰਗ੍ਰਿਹ-ਵਿਚ 38 ਕਵਿਤਾਵਾਂ ਹਨ ਤੇ ਇਹ 1982 ਵਿਚ ਛਪਿਆ । ਏਨ੍ਹਾਂ ਸੰਗ੍ਰਹਿਆਂ ਦੇ ਛਪਣ ਬਾਦ ਵੀ ਕੁਮਾਰ ਵਿਕਲ ਦੀਆਂ ਕਵਿਤਾਵਾਂ ਪੱਤਰ-ਪੱਤਰਕਾਵਾਂ ਵਿਚ ਛਪੀਆਂ ਹਨ । ਪਿੱਛੇ ਜਿਹੇ 'ਇਲ-ਟਰੇਟਡ ਵੀਕਲੀ ਆਫ਼ ਇੰਡੀਆ' ਵਿਚ ਉਸਦੀਆਂ ਇਕ-ਦੋ ਨਜ਼ਮਾਂ ਦੇ ਅੰਗਰੇਜ਼ੀ ਅਨੁਵਾਦ ਵੀ ਛਪੇ ਹਨ । ਪੰਜਾਬੀ ਵਿਚ ਵੀ ਕੁਮਾਰ ਵਿਕਲ ਦੀਆਂ ਕੁੱਝ ਕਵਿਤਾਵਾਂ ਛਪੀਆਂ ਹਨ ।

ਕੁਮਾਰ ਵਿਕਲ ਦੀ ਕਵਿਤਾ ਦਾ ਮੂਲ ਸੁਰ ਨਿਮਨ ਮੱਧ ਵਰਗ ਦੇ ਇਮਾਨਦਾਰ ਤਬਕੇ ਦੀ ਸੰਘਰਸ਼ ਗਾਥਾ ਹੈ । ਇਹ ਤਬਕਾ ਆਪਣੀ ਤਿੱਖੀ ਦ੍ਰਿਸ਼ਟੀ ਨਾਲ ਸਮਾਜੀ ਹਕੀਕਤ, ਸਮਾਜੀ ਘੋਲ ਆਦਿ ਦੀ ਸਥਿਤੀ ਨੂੰ ਪਛਾਣਦਾ ਹੈ, ਬੌਧਕ ਤੇ ਬਹੁਤ ਵਾਰੀ ਜਜ਼ਬਾਤੀ ਰੂਪ ਵਿਚ ਵੀ ਇਨਕਲਾਬੀ ਤਾਕਤਾਂ ਨਾਲ ਉਹ ਜੁੜਦਾ ਹੈ, ਪਰ ਆਪਣੀ ਮੱਧ ਵਰਗੀ ਹੋਣੀ ਤੋਂ ਲਾਲਸਾਵਾਂ ਦਾ ਸ਼ਿਕਾਰ ਵੀ ਹੁੰਦਾ ਹੈ, ਉਸਦੀਆਂ 'ਇਹ ਲਾਲਸਾਵਾਂ ਗੈਰ-ਮਨੁੱਖੀ ਨਹੀਂ', ਪੂਰੀ ਤਰ੍ਹਾਂ ਮਨੁੱਖੀ ਹਨ, ਪਰ ਏਨ੍ਹਾਂ ਲਾਲਸਾਵਾਂ

ਵਿਚ ਲੁਕੀ ਉਸਦੀ ਕਮਜ਼ੋਰੀ ਪਛਾਣ ਕੇ ਵਿਵਸਥਾ ਉਸਨੂੰ ਆਪਣੇ ਵੱਸ ਵਿਚ ਕਰ ਲੈਂਦੀ ਹੈ। ਵਿਵਸਥਾ ਦੇ ਵੱਸ ਆਇਆ ਇਹ ਇਮਾਨਦਾਰ ਤਬਕਾ, ਖਾਸ ਕਰ ਇਸਦਾ ਸੰਵੇਦਨਸ਼ੀਲ ਕਲਾਕਾਰ ਵਰਗ ਛਟਪਟਾਉਂਦਾ ਹੈ ਤੇ ਪੂਰੀ ਸ਼ਿੱਦਤ ਨਾਲ ਆਪਣੀ ਕਮਜ਼ੋਰੀ ਤੇ ਵਿਵਸਥਾ ਦੇ ਹੱਥਕੰਡਿਆਂ ਦਾ ਬਿਆਨ ਕਰਦਾ ਹੈ ਤੇ ਇਸ ਤਰ੍ਹਾਂ ਆਪਣੀ ਦੁਰਗਤੀ ਨੂੰ ਕਲਮਬੱਧ ਕਰਕੇ ਆਪਣੇ ਪਾਠਕਾਂ ਨੂੰ ਏਸ ਖਾਈ ਵਿਚ ਡਿੱਗਣ ਤੋਂ ਸਾਵਧਾਨ ਕਰਦਾ ਹੈ। ਪਰ ਉਸੇ ਵਰਗੀ ਹੋਣੀ ਦੇ ਮਾਲਕ ਉਸਦੇ ਮੱਧਵਰਗੀ ਪਾਠਕ ਕੀ ਉਸਦੀ ਚੇਤਾਵਨੀ ਤੋਂ ਕੁੱਝ ਸਬਕ ਹਾਸਲ ਕਰਦੇ ਹਨ ?

ਕੁਮਾਰ ਵਿਕਲ ਆਪਣੀ ਕਾਵਿ ਯਾਤਰਾ ਦਾ ਆਰੰਭ ਹੀ ਆਪਣੇ ਮਨ ਵਿਚ ਲੁਕੇ ਬੈਠੇ ਹਨੇਰੇ ਦੇ ਖਿਲਾਫ ਲੜਾਈ ਨਾਲ ਕਰਦੇ ਹਨ—ਮੈਂ ਲੜਨਾ ਹੈ,

ਆਪਣੀਆਂ ਹੀ ਕਵਿਤਾਵਾਂ ਦੇ ਬਿੰਬਾਂ ਦੇ ਖਿਲਾਫ਼
ਜ਼ਿਨ੍ਹਾਂ ਦੇ ਹਨੇਰੇ ਵਿਚ ਮੈਥੋਂ
ਜ਼ਿੰਦਗੀ ਦਾ ਉਜਾਲਾ ਖੁੰਝ ਜਾਂਦਾ ਹੈ

ਇਹ ਵਿਵਸਥਾ ਆਦਮੀ ਨੂੰ ਕਿਵੇਂ ਆਪਣੀ ਮਨੁੱਖਤਾ ਛੱਡ ਕੇ ਪਸ਼ੂ ਬਿਰਤੀਆਂ ਧਾਰਨ ਕਰਨ ਵੱਲ ਧੱਕਦੀ ਹੈ 'ਸ਼ਹਿਰ ਦਾ ਨਾਂ' ਕਵਿਤਾ ਵਿੱਚ : ਦੁਨੀਆਂ ਦਾ ਸਭ ਤੋਂ ਸੁਖੀ ਆਦਮੀ ਸੁਰ/ਤੇ ਦੁਖੀ ਜਾਨਵਰ ਆਦਮੀ

ਪ੍ਰਾਰਥਨਾ ਘਰਾਂ ਵਿਚ
ਦੁਖੀ ਜਾਨਵਰ ਪ੍ਰਾਰਥਨਾ ਕਰਦੇ ਨੇ
ਸੁਖੀ ਆਦਮੀ ਬਨਣ ਲਈ
ਕਿ ਸ਼ਹਿਰ ਦਾ ਨਾਂ ਜੰਗਲ ਹੋਵੇ
ਆਦਮੀ ਤੇ ਸਿਰਫ ਮੁਖੌਟੇ ਹੋਣ
ਸਹੂਲਤਾਂ ਸਭ ਸੂਰ ਦੀਆਂ ਹੋਣ'

ਜੰਗਲ ਦਾ ਬਿੰਬ ਕੁਮਾਰ ਵਿਕਲ ਦੀਆਂ ਕਵਿਤਾਵਾਂ ਵਿਚ ਅਕਸਰ ਆਉਂਦਾ ਹੈ। 'ਜੰਗਲ ਬਨਾਮ ਜੰਗਲ' ਕਵਿਤਾ ਵਿਚ—

ਸਰਕਾਰੀ ਇਮਾਰਤਾਂ ਵਿਚ ਜੋ ਜੰਗਲ ਉੱਗ ਰਹੇ ਹਨ
ਉਨ੍ਹਾਂ ਵਿਚ ਪੁਰਾਣੇ ਜੰਗਲਾਂ ਨਾਲੋਂ ਕਿਤੇ ਵਧ ਦਹਿਸ਼ਤ ਹੈ
—ਡਰ, ਮਿਥਕ ਤੰਤਰ, ਉਨ੍ਹਾਂ ਦੇ ਹੋਰ ਆਮ ਬਿੰਬ ਹਨ

'ਡਰਿਆ ਹੋਇਆ ਆਦਮੀ' ਕਵਿਤਾ ਪੂਰੇ ਪਰਿਵੇਸ਼ ਵਿਚ ਵਿਆਪੇ ਡਰ ਨੂੰ ਪੇਸ਼ ਕਰਦੀ ਹੈ। 'ਮਿਥਕ' ਕਵਿਤਾ ਇਕੱਲੇ ਵਿਅਕਤੀ ਦੀ ਲੜਾਈ ਦੀ ਨਿਰਰਥਕਤਾ ਨੂੰ ਪੇਸ਼ ਕਰਦੀ ਹੈ—

ਇਕੱਲਾ ਆਦਮੀ ਜਦ
ਇਕ ਤੰਤਰ ਦੇ ਖਿਲਾਫ਼ ਲੜਦਾ ਹੈ
ਤਾਂ ਆਪਣੇ ਸਾਰੇ ਹਥਿਆਰਾਂ ਦੇ ਬਾਵਜੂਦ
ਇਕ ਕਾਲੇ ਪਹਾੜ ਨਾਲ
ਨਿਹੱਥੀ ਲੜਾਈ ਹੀ ਲੜਦਾ ਹੈ
ਅਤੇ ਅਖੀਰ ਵਿਚ ਇਕ ਦਿਨ
ਆਪਣੇ ਹੀ ਲਹੂ ਲੁਹਾਨ ਚਿਹਰੇ ਤੋਂ ਡਰਦਾ ਹੈ

'ਇਹ ਸਭ ਕਿੰਜ ਹੁੰਦਾ ਹੈ' ਕਵਿਤਾ ਵਿਚ ਕਵੀ ਦੀ ਖਾਹਸ਼ ਹੈ ਕਿ ਉਸਦੀਆਂ ਕਵਿਤਾਵਾਂ 'ਹਨੇਰੇ ਦੇ ਬਿੰਬ' ਪੇਸ਼ ਨਾ ਕਰਕੇ 'ਮਾਂ ਦੀਆਂ ਲੋਰੀਆਂ' ਬਣ ਜਾਣ। 'ਇਕ ਛੋਟੀ ਜਿਹੀ ਲੜਾਈ' ਕਵਿਤਾ ਵਿਚ ਉਹ ਜੰਗਲ ਤੰਤਰ ਦੇ ਖਿਲਾਫ਼ ਲੜਣ ਦਾ ਪ੍ਰਣ ਕਰਦਾ ਹੈ

ਮੈਂ ਲੜਨਾ ਹੈ
ਲੋਕਤੰਤਰ ਵਿਚ ਉੱਗੇ ਗਣਤੰਤਰ ਖਿਲਾਫ਼
ਜਿਸ ਵਿਚ ਇਕ ਗੈਂਡਾਨੁਮਾ ਆਦਮੀ
ਦਨਦਨਾਉਂਦਾ ਹੈ

'ਮੁਕਤੀ ਦੇ ਦਸਤਾਵੇਜ਼' ਕਵਿਤਾ ਖੱਬੇਪੱਖੀ ਰਾਜ-ਨੀਤੀ ਦੀਆਂ ਧਾਰਾਵਾਂ ਤੇ ਵਿਅੰਗ ਹੈ ਕਿ ਕਿਵੇਂ ਸਾਰੀਆਂ ਹੀ ਧਿਰਾਂ ਮੁਕਤੀ ਦੇ ਦਸਤਾਵੇਜ਼ ਵੰਡਦੀਆਂ ਫਿਰਦੀਆਂ ਹਨ।

'ਅਗਲੀ ਗਲਤੀ ਦੀ ਸ਼ੁਰੂਆਤ' ਵਿਕਲ ਦੀ ਬੜੀ ਮਹੱਤਵਪੂਰਣ ਕਵਿਤਾ ਹੈ। ਇਸ ਕਵਿਤਾ ਵਿਚ ਮੱਧ ਵਰਗ ਦੇ ਆਪਣੇ ਝੂਠੇ ਦੰਭ ਰਾਹੀਂ ਵਿਵਸਥਾ ਦੇ ਜਾਲ ਵਿਚ ਫਸਣ ਦੀ ਮਾਰਮਕ ਕਥਾ ਹੈ—

'ਗਲਤੀ ਦੀ ਸ਼ੁਰੂਆਤ ਇਥੋਂ ਹੀ ਹੁੰਦੀ ਹੈ
ਜਦ ਤੂੰ ਉਨ੍ਹਾਂ ਦੇ ਨਜ਼ਦੀਕ ਜਾਂਦਾ ਹੈਂ
ਅਤੇ ਕਬਾੜੀ ਤੋਂ ਖਰੀਦੇ ਆਪਣੇ ਕੋਟ ਨੂੰ
ਕਿਸੇ ਬਦੇਸ਼ੀ ਦੋਸਤ ਦਾ ਭੇਜਿਆ ਤੋਹਫ਼ਾ ਦਸਦਾ ਹੈਂ
ਪਰ ਉਹ ਬੜੇ ਸ਼ਾਤਿਰ ਨੇ
ਤੇਰੇ ਕੋਟ ਦੀ ਅਸਲੀਅਤ ਪਛਾਣਦੇ ਨੇ'

ਮੱਧ ਵਰਗ ਦੀ ਸੁਰੱਖਿਆ ਦੀ ਸੁਭਾਵਕ ਮਨੁੱਖੀ ਚਾਹ ਨੂੰ ਕੁਮਾਰ ਵਿਕਲ ਮਿੱਠਾ ਜ਼ਹਿਰ ਮੰਨਦੇ ਹਨ ਤੇ ਇਸੇ ਚਾਹਤ ਵਿਚ ਉਸਦਾ ਧੀਮਾ ਪਤਨ ਦੇਖਦੇ ਹਨ। ਪਰ ਉਹ ਸੁਰੱਖਿਆ ਦੀ ਸਹੀ ਸਮਝ ਵੀ ਪਾਠਕਾਂ ਸਾਹਮਣੇ ਰੱਖਦੇ ਹਨ—'ਵਾਪਸੀ' ਕਵਿਤਾ ਵਿਚ—

'ਹਰ ਆਦਮੀ ਦੀ ਜਮਾਤ ਉਸਦੀ ਸੁਰੱਖਿਆ ਦਾ
ਘੇਰਾ ਹੈ
ਅਤੇ ਹੁਣ—'
ਜਦ ਕਦੀ ਰਾਜਪਥ ਤੇ ਆਵਾਂਗਾ,
ਇਕੱਲਾ ਨਹੀਂ,
ਪੂਰੇ ਮੁਹੱਲੇ ਦੇ ਨਾਲ ਆਵਾਂਗਾ,

ਪਰ ਕਵੀ ਇਹ ਵੀ ਜਾਣਦਾ ਹੈ ਕਿ 'ਵਾਪਸੀ ਅਸੰਭਵ ਤਾਂ ਨਹੀਂ, ਮੁਸ਼ਕਲ ਜ਼ਰੂਰ ਹੈ।'

'ਇਕ ਪਿੰਡ ਦਾ ਨਾਂ' ਕਵਿਤਾ ਵਿਚ ਨਕਸਲਬਾੜੀ

ਪਿੰਡ ਦਾ ਚਿੱਤਰ ਹੈ। ਏਸ ਸੰਗ੍ਰਹਿ ਦੀ ਕਲਾਸਿਕ ਕਵਿਤਾ ਹੈ—'ਸ਼ਤਾਬਦੀ ਦਾ ਸਭ ਤੋਂ ਵੱਡਾ ਜਾਦੂਗਰ'—

ਨਾਂ ਤਾਂ ਸ਼ਾਇਦ ਉਸਦਾ ਕੁਝ ਹੋਰ ਹੋਵੇਗਾ
ਪਰ ਦੋਸਤ ਪਿਆਰ ਨਾਲ
ਜਾਂ ਸ਼ਾਇਦ ਈਰਖਾ ਨਾਲ
ਉਸਨੂੰ 'ਤਰੱਕੀ ਰਾਮ' ਕਹਿੰਦੇ ਹਨ
ਉਸ ਕੋਲ ਰੁਤਬਾ ਹੈ
ਬੰਗਲਾ ਹੈ
ਗੱਡੀ ਹੈ
ਹਾਲਾਂਕਿ ਉਸਦਾ ਕਹਿਣਾ ਹੈ
ਇਹ ਸਭ ਪਾਪੀ ਪੇਟ ਦੀ ਲਾਚਾਰੀ ਹੈ
ਉਹ ਤਾਂ ਬੁੱਧੀਜੀਵੀ ਹੈ, ਸਰਵਹਾਰਾ ਹੈ
ਗਊ ਹੱਤਿਆ ਤੋਂ ਲੈ ਕੇ ਵੀਤਨਾਮ ਯੁੱਧ ਤੱਕ ਦੇ
ਦੁੱਖਾਂ ਦਾ ਮਾਰਿਆ ਹੈ
ਏਧਰ ਕੁਝ ਦਿਨਾਂ ਤੋਂ 'ਤਰੱਕੀ ਰਾਮ'
ਨਕਸਲਪੰਥੀ ਹੋ ਗਿਐ
ਅਤੇ ਅਖਬਾਰਾਂ ਦੇ ਦਫਤਰਾਂ ਵਿਚ ਗੁਆਚ ਗਿਐ
ਤਰੱਕੀ ਰਾਮ
ਏਸ ਸ਼ਤਾਬਦੀ ਦਾ ਸਭ ਤੋਂ ਵੱਡਾ ਜਾਦੂਗਰ ਹੈ
ਜੋ ਆਪਣੇ ਜਾਦੂ ਨਾਲ
ਵੱਡੇ ਵੱਡੇ ਕਰਤਬ ਦਿਖਾ ਸਕਦਾ ਹੈ
ਮਸਲਨ, ਲੋੜ ਪੈਣ ਤੇ
ਗਧੇ ਨੂੰ ਬਾਪ
ਅਤੇ ਬਾਪ ਨੂੰ ਗਧਾ ਬਣਾ ਸਕਦਾ ਹੈ

ਏਸ ਕਵਿਤਾ ਵਿਚ ਮੱਧ ਵਰਗ ਦੇ ਖੋਖਲੇਪਨ, ਉਸਦੇ ਪਖੰਡ, ਦੰਭ, ਤੇ ਮੌਕਾਪ੍ਰਸਤੀ ਨੂੰ ਕਵੀ ਨੇ ਪੂਰੀ ਸ਼ਿੱਦਤ ਨਾਲ ਉਘਾੜ ਦਿੱਤਾ ਹੈ। ਇਸ ਸਥਿਤੀ ਨੂੰ ਜਿਸ ਇਮਾਨਦਾਰੀ ਨਾਲ ਕਵੀ ਨੇ ਮਹਿਸੂਸਿਆ ਹੈ, ਉਸ ਨਾਲ ਉਸਦੀ ਇਹ ਰਚਨਾ 'ਕਲਾਸਿਕ' ਰਚਨਾ ਬਣ ਗਈ ਹੈ।

'ਏਕ ਛੋਟੀ ਸੀ ਲੜਾਈ' ਸੰਗ੍ਰਹਿ ਵ੍ਹਿਚ 'ਹਨੇਰੇ ਸਮੇਂ ਦੀਆਂ ਕਵਿਤਾਵਾਂ' ਸਿਰਲੇਖ ਹੇਠ ਐਮਰਜੈਂਸੀ ਦੇ ਦੌਰ ਵਿਚ ਰਚੀਆਂ ਕਵਿਤਾਵਾਂ ਵੀ ਹਨ, ਜਿਨ੍ਹਾਂ ਵਿਚੋਂ 'ਵਿਪਾਸ਼ਾ' ਤੇ 'ਟਰੈਫਿਕ ਦੇ ਨਵੇਂ ਕਾਨੂੰਨ' ਕਵਿਤਾਵਾਂ ਕਾਫੀ ਚਰਚਿਤ ਹੋਈਆਂ ਸਨ। 'ਵਿਪਾਸ਼ਾ' ਵਿਚ ਵੀਹ ਨੁਕਾਤੀ ਪ੍ਰੋਗਰਾਮ ਤੇ ਵਿਅੰਗ ਹੈ ਤੇ 'ਨਵੇਂ ਕਾਨੂੰਨ' ਵਿਚ ਸੰਜੇ ਗਾਂਧੀ ਰਾਹੀਂ ਕਮਿਊਨਿਸਟਾਂ ਨੂੰ ਜੜ੍ਹੋਂ ਪੁੱਟਣ ਦੀ ਸਾਜ਼ਿਸ਼ ਵੱਲ ਧਿਆਨ ਖਿੱਚਿਆ ਗਿਆ ਹੈ।

ਕੁਮਾਰ ਵਿਕਲ ਦੇ ਦੂਜੇ ਕਾਵਿ-ਸੰਗ੍ਰਹਿ 'ਰੰਗ ਖਤਰੇ ਮੇਂ ਹੈਂ' ਦੀਆਂ ਕਵਿਤਾਵਾਂ ਪਹਿਲੇ ਸੰਗ੍ਰਹਿ ਦੇ ਮੁਕਾਬਲਤਨ ਕਮਜ਼ੋਰ ਕਵਿਤਾਵਾਂ ਹਨ। ਹੋਲੀ ਦੇ ਦਿਨ ਰਚੀ ਗਈ 'ਰੰਗ ਖ਼ਤਰੇ ਮੇਂ ਹੈਂ' ਕਵਿਤਾ ਵਿਚ ਉਹ ਸਵਾਲ ਕਰਦੇ ਹਨ—

ਕੀ ਮੇਰੀ ਉਨੀਂ ਮਹੀਨਿਆਂ ਦੀ ਲੰਬੀ ਲੜਾਈ
ਦਾ ਅੰਤ
ਇਕ ਸੁਰੰਗ ਤੋਂ ਦੂਜੀ ਸੁਰੰਗ ਦਾ ਹਨ੍ਹੇਰਾ ਹੈ
ਕਿੱਥੇ ਨੇ ਮੇਰੀਆਂ ਇੱਛਾਵਾਂ ਦੇ ਸੱਤ ਰੰਗ
ਮੇਰੇ ਸਾਹਮਣੇ ਤਾਂ ਸਿਰਫ ਕਾਲੇ ਰੰਗ ਦਾ ਇਕ
ਘੇਰਾ ਹੈ

ਕਵੀ ਐਮਰਜੈਂਸੀ ਤੋਂ ਬਾਦ 'ਦੂਜੀ ਅਜ਼ਾਦੀ' ਵ੍ਹਿਚ ਕੋਈ 'ਚਾਨਣ ਦੀ ਕਿਰਨ' ਨਹੀਂ ਦੇਖ ਪਾਉਂਦਾ, ਇਸ ਤੋਂ ਇਹ ਰੰਗਾਂ ਨੂੰ ਖਤਰਾ ਪੈਦਾ ਹੋਇਆ। 'ਜਗੀਰੋ' ਕਵਿਤਾ ਔਰਤ ਪ੍ਰਤੀ ਕਵੀ ਦੀ ਸੰਵੇਦਨਾ ਦੀ ਪਛਾਣ ਕਰਾਉਣ ਵਾਲੀ ਕਵਿਤਾ ਹੈ। 'ਦੁੱਖ' ਕਵਿਤਾ ਵਿਚ ਉਹ ਨਵਾਂ ਨਾਹ੍ਹਾ ਦਿੰਦੇ ਹਨ—

ਦੁੱਖ ਨੂੰ ਸਹਿਣਾ
ਕੁਝ ਨਾ ਕਹਿਣਾ
ਬੜੀ ਪੁਰਾਣੀ ਬਾਤ ਹੈ
ਦੁੱਖ ਸਹਿਣਾ
ਸਭ ਕੁਝ ਕਹਿਣਾ
ਏਹੋ ਸਮੇਂ ਦੀ ਬਾਤ ਹੈ

'ਫਰਕ' ਕਵਿਤਾ ਵਿਚ ਉਹ ਅਸਲੀ ਤੇ ਕਮਜ਼ੋਰ ਆਦਮੀ ਦੇ ਫਰਕ ਨੂੰ ਸਪਸ਼ਟ ਕਰਦੇ ਹਨ। 'ਖਿੜਕੀਆਂ' ਕਵਿਤਾ ਬੱਚਿਆਂ ਪ੍ਰਤੀ ਕਵੀ ਦੀ ਸੰਵੇਦਨਾ ਪ੍ਰਗਟਾਉਂਦੀ ਹੈ। 'ਰੰਗ ਭੇਦ' ਕਵਿਤਾ ਨਿਮਨ ਮੱਧ ਵਰਗੀ ਕਵੀ ਦੀ ਪੀੜ ਨੂੰ ਬਿਆਨ ਕਰਦੀ ਹੈ—

ਜਦ ਵੀ ਕੋਈ ਕਵੀ
ਆਪਣੀ ਕਵਿਤਾ ਨੂੰ
ਸ਼ਹਿਰ ਦੇ ਸ਼ਰੀਫਜ਼ਾਦੇ ਹਿੱਸੇ ਵਿਚ ਲੈ ਕੇ ਜਾਂਦਾ ਹੈ
ਉਹ ਹਮੇਸ਼ਾ ਟੁੱਟ ਕੇ ਵਾਪਸ ਆਉਂਦਾ ਹੈ

ਕਵੀ ਵਿਅੰਗ ਦੀ ਤਿੱਖੀ ਧਾਰ ਦਾ ਇਸਤੇਮਾਲ 'ਮੀਰਾ ਮਜੂਮਦਾਰ ਦਾ ਕਹਿਣਾ ਹੈ' ਕਵ੍ਹਿਤਾ ਵਿਚ ਕਰਦਾ ਹੈ। ਮੀਰਾ ਮਜੂਮਦਾਰ—ਉੱਚ ਵਰਗੀ ਔਰਤ ਨੂੰ ਇਨਕਲਾਬ ਨਾਲ ਬੜਾ ਰੁਮਾਂਸ ਹੈ, ਪਰ ਹਨੇਰੇ ਕੁਆਟਰਾਂ ਦੀਆਂ ਧੁੱਖਦੀਆਂ ਬੱਤੀਆਂ ਨਾਲ ਉਸਨੂੰ ਨਫ਼ਰਤ ਹੈ।

ਕਵੀ ਨੇ ਕੁਝ ਨਵੇਂ ਕਾਵਿ-ਪ੍ਰਯੋਗ ਵੀ ਕੀਤੇ ਹਨ। 'ਚਿੜੀ' ਸਿਰਲੇਖ ਹੇਠ ਪੰਜ ਕਵਿਤਾਵਾਂ ਅਤੇ 'ਇਕ ਨਾਸਤਕ ਦੇ ਪ੍ਰਾਰਥਨਾ ਗੀਤ' ਸਿਰਲੇਖ ਹੇਠ ਅੱਠ ਗੀਤ ਲਿਖੇ ਹਨ, ਜੋ ਕਾਫੀ ਚਰਚਿਤ ਹੋਏ ਹਨ। ਇਕ ਗੀਤ ਵਿਚ ਕਮਿਊਨਿਸਟ ਦੇਸ਼ਾਂ ਤੇ ਕਮਿਊਨਿਸਟ ਪਾਰਟੀਆਂ ਵਿਚ ਏਕਤਾ ਲਈ 'ਪ੍ਰਭੂ ਜੀ' ਨੂੰ ਪ੍ਰਾਰਥਨਾ ਕੀਤੀ ਗਈ ਹੈ। ਅਮਿਤੋਜ ਲਈ ਰਚੇ ਇਕ ਗੀਤ ਵਿਚ 'ਕਵਿਤਾ ਮੁਕਤ' ਕਰਨ ਦੀ ਪ੍ਰਾਰਥਨਾ ਹੈ। ਏਨਾਂ ਗੀਤਾਂ ਵਿਚੋਂ

ਅਠਵਾਂ ਤੇ ਅੰਤਮ ਗੀਤ ਕਾਫੀ ਪ੍ਰਭਾਵਸ਼ਾਲੀ ਹੈ, ਜਿੱਥੇ ਕਵੀ ਦਾ ਪ੍ਰਭੂ ਨਾਲ ਸੰਵਾਦ ਹੈ। ਕਵੀ ਦੀ ਪੀੜ ਹੈ—

ਜੀਵਨ ਭਰ ਦੀ ਵ੍ਰਿਥਿਆ ਕਥਾ ਨੂੰ
ਕਵਿਤਾ ਵਿਚ ਕਹਿਣਾ ਚਾਹਿਆ ਸੀ
ਇਕ ਸੁਲਗਦੇ ਜੰਗਲ ਦਾ ਮੈਂ
ਮਹਾਂਕਾਵਿ ਲਿਖਣਾ ਚਾਹਿਆ ਸੀ

—'ਪ੍ਰਭੂ' ਅਰਥਾਤ ਕਵੀ ਦੀ ਆਪਣੀ ਹੀ ਬਲਸ਼ਾਲੀ ਆਤਮਾ ਦਾ ਉਸਦੇ ਕਮਜ਼ੋਰ ਮਨ ਨੂੰ ਜਵਾਬ ਹੈ :—

ਮਹਾਂਕਾਵਿ ਤੋਂ ਵੱਡੀ ਰਚਨਾ ਤਾਂ
ਸ਼ਬਦਾਂ ਤੋਂ ਬਾਹਰ ਹੈ ਪਿਆਰੇ
ਜੰਗਲ ਦੀ ਅੱਗ ਬੁੱਝ ਨਾ ਸਕਦੀ
ਸਿਰਫ ਕਵਿਤਾ ਜਲ ਦੇ ਸਹਾਰੇ
ਲੋਕ ਸੰਘਰਸ਼ ਦੀ ਮਹਾਂਨਦੀ ਨੂੰ
ਵਿਚ ਅੱਗ ਦੇ ਲਿਆਉਣਾ ਪਊ
ਨਵੀਂ ਵਿਧਾ ਪਾਉਣ ਦੀ ਖਾਤਰ
ਆਪਣਾ ਤਨ ਝੁਲਸਾਉਣਾ ਪਊ

ਪੰਜਾਬ ਦੇ ਪਿਛਲੇ ਚਾਰ ਸਾਲਾਂ ਦੇ ਦੁਖਾਂਤ ਨੇ ਕਵੀ ਦੀ ਚੇਤਨਾ ਨੂੰ ਝੰਜੋੜਿਆ ਤੇ ਕਵੀ ਦੀ ਆਤਮਾ ਕੁਰਲਾ ਪਈ—

ਇਹ ਜੋ ਸੜਕ ਤੇ ਖੂਨ ਵਹਿ ਰਿਹੈ
ਇਸਨੂੰ ਸੁੰਘ ਕੇ ਤਾਂ ਦੇਖੋ
ਅਤੇ ਪਛਾਨਣ ਦੀ ਕੋਸ਼ਿਸ਼ ਕਰੋ
ਇਹ ਹਿੰਦੂ ਦਾ ਹੈ ਜਾਂ ਮੁਸਲਮਾਨ ਦਾ
ਕਿਸੇ ਸਿੱਖ ਦਾ ਜਾਂ ਇਸਾਈ ਦਾ
ਕਿਸੇ ਭੈਣ ਦਾ ਜਾਂ ਭਾਈ ਦਾ

ਪੰਜਾਬ ਦੇ ਦੁਖਾਂਤ ਦੇ ਦਿਨਾਂ ਦੀ ਵਿਕਲ ਦੀ ਇਹ ਕਵਿਤਾ ਦਸਤਾਵੇਜ਼ੀ ਕਵਿਤਾ ਬਣ ਕੇ ਸੁਰੱਖਿਅਤ ਰਹੇਗੀ।

ਕੁਮਾਰ ਵਿਕਲ ਦੀ ਕਵਿਤਾ ਦਾ ਦੁਖਾਂਤ ਇਹ ਹੈ ਕਿ ਉਹ ਜੀਵਨ ਦੀਆਂ ਸਚਾਈਆਂ ਤਾਂ ਬਿਆਨ ਕਰਦੀ ਹੈ, ਪਰ ਖੁਦ ਕਵੀ ਨੂੰ ਹੀ ਉਨ੍ਹਾਂ ਸਚਾਈਆਂ ਅਨੁਸਾਰ ਜਿਉਣ ਦੀ ਤਾਕਤ ਨਹੀਂ ਬਖਸ਼ਦੀ। ਸੰਵੇਦਨਾਤਮਕ ਗਿਆਨ ਜ਼ਿੰਦਗੀ ਦਾ ਰਾਹ ਤਾਂ ਰੁਸ਼ਨਾ ਦਿੰਦਾ ਹੈ, ਪਰ ਉਸ ਰੌਸ਼ਨ ਰਾਹ ਤੇ ਕਦਮ ਅੱਗੇ ਵਧਾ ਪਾਉਣਾ ਸਾਰੇ ਮੱਧ ਵਰਗੀ ਕਲਾਕਾਰਾਂ ਦੇ ਵੱਸ ਨਹੀਂ ਹੁੰਦਾ, ਕਿਉਂਕਿ ਰੌਸ਼ਨ ਰਾਹ ਤੇ ਖਿੰਡੇ ਕੰਡੇ ਵੀ ਪ੍ਰਤੱਖ ਨਜ਼ਰ ਆਉਂਦੇ ਹਨ। ਪਰ ਸਮੁੱਚੇ ਰੂਪ ਵਿਚ ਕੁਮਾਰ ਵਿਕਲ ਦੀ ਕਵਿਤਾ ਵਿਚ ਕਿਤੇ ਕਿਤੇ ਝਲਕਦਾ ਇਕ ਅਜਿਹਾ ਤੇਜ ਹੈ, ਜੋ ਅਨੇਕਾਂ ਪਾਠਕਾਂ ਨੂੰ ਇਸ ਰੌਸ਼ਨ ਰਾਹ ਵੱਲ ਵੇਖਣ ਦੀ ਪ੍ਰੇਰਨਾ ਹੀ ਦੇਵੇਗਾ।

ਹਿੰਦੀ ਦੀ ਰਾਜਨੀਤਕ ਕਵਿਤਾ ਦੇ ਇਸ ਸੰਖੇਪ ਸਰਵੇਖਣ ਤੋਂ ਸਪਸ਼ਟ ਹੈ ਕਿ ਹਿੰਦੀ ਵਿਚ ਪਰਪੱਕ ਤੇ ਲੋਕ-ਪੱਖੀ ਰਾਜਨੀਤਕ ਕਵਿਤਾ ਦੀ ਪਰੰਪਰਾ ਬੜੀ ਵਿਆਪਕ ਹੈ ਅਤੇ ਹੋਰ ਭਾਰਤੀ ਭਾਸ਼ਾਵਾਂ ਨਾਲ ਇਸਦਾ ਅਦਾਨ-ਪ੍ਰਦਾਨ ਹੋਣਾ ਚਾਹੀਦਾ ਹੈ, ਕਿਉਂਕਿ ਲੋਕ-ਸੰਘਰਸ਼ਾਂ ਦਾ ਸਾਰਾ ਸਾਹਿਤ, ਚਾਹੇ ਉਹ ਕਿਸੇ ਵੀ ਭਾਸ਼ਾ ਵਿਚ ਰਚਿਆ ਗਿਆ ਹੋਵੇ, ਸਾਂਝੀ ਪਰੰਪਰਾ ਦੀ ਵਿਰਾਸਤ ਹੈ।

ਹਿੰਦੀ ਦੇ ਏਨਾਂ ਪੰਜ ਪ੍ਰਤੀਨਿਧ ਪ੍ਰਗਤੀਸ਼ੀਲ ਕਵੀਆਂ ਦੀਆਂ ਰਚਨਾਵਾਂ ਤੋਂ ਇਹ ਵੀ ਸਪੱਸ਼ਟ ਹੈ ਕਿ ਹਿੰਦੀ ਦੀ ਰਾਜਨੀਤਕ ਕਵਿਤਾ ਸਿਰਫ 'ਬੰਬਾਂ ਬੰਦੂਕਾਂ' ਦੀ ਗੱਲ ਹੀ ਨਹੀਂ ਕਰਦੀ, ਸਗੋਂ ਪ੍ਰਕਿਰਤੀ ਦੀ ਸੁੰਦਰਤਾ ਤੇ ਮਨੁੱਖੀ ਜੀਵਨ ਦੀ ਹਰ ਸਥਿਤੀ—ਪ੍ਰੇਮ, ਜਜ਼ਬਾਤੀ ਜ਼ਿੰਦਗੀ, ਨਿੱਜੀ ਦੁੱਖਾਂ, ਲੋਕ ਘੋਲਾਂ ਆਦਿ ਨੂੰ ਸਫਲ ਤੇ ਬਹੁਭਾਂਤੀ ਬਿੰਬਾਂ ਤੇ ਪ੍ਰਤੀਕਾਂ ਵਿਚ ਢਾਲ ਕੇ ਬੜੇ ਕਲਾਤਮਕ ਰੂਪ ਵਿਚ ਪੇਸ਼ ਕਰਦੀ ਹੈ। o

---

ਦੇਹਰਾਦੂਨ ਵਿਚ ਅਮੀਰਜ਼ਾਦਿਆਂ ਦਾ ਇਕ ਸਕੂਲ ਹੈ, ਜਿਹੜਾ ਦੂਨ ਸਕੂਲ ਦੇ ਨਾਂ ਥੱਲੇ ਜਾਣਿਆ ਜਾਂਦਾ ਹੈ। ਸੰਜੇ ਗਾਂਧੀ, ਰਾਜੀਵ ਗਾਂਧੀ ਤੇ ਭਾਰਤ ਸਰਕਾਰ ਦੇ ਬਹੁਤ ਸਾਰੇ ਵਜ਼ੀਰ ਇਸੇ ਸਕੂਲ ਦੀ ਦੇਣ ਹਨ। ਪਿਛੇ ਜਿਹੇ ਇਸ ਸਕੂਲ ਵਿਚ ਇਕ ਯਾਦਗਾਰੀ ਸਮਾਗਮ ਹੋਇਆ, ਤੇ ਸਕੂਲ ਦੀਆਂ ਸ਼ਾਨਦਾਰ ਪ੍ਰਾਪਤੀਆਂ ਤੇ ਬੜਾ ਗੌਰਵ ਪ੍ਰਗਟਾਇਆ ਗਿਆ। ਸਾਡੀਆਂ ਨਜ਼ਰਾਂ ਵਿਚ ਇਹ ਸਕੂਲ ਸਮਾਜਕ ਨਾ-ਬਰਾਬਰੀ ਦਾ ਸਾਰਿਆਂ ਨਾਲੋਂ ਵੱਡਾ ਚਿੰਨ੍ਹ ਹੈ, ਜਿਸ ਵਿਚ ਭਵਿੱਖ ਦੀਆਂ ਸਰਕਾਰਾਂ ਚਲਾਉਣ ਵਾਲੇ ਅਫ਼ਸਰਾਂ ਅਤੇ ਵਜ਼ੀਰਾਂ ਦੀ ਸਿਖਲਾਈ ਹੀ ਇਸ ਤਰ੍ਹਾਂ ਕੀਤੀ ਜਾਂਦੀ ਹੈ ਕਿ ਉਹ ਆਪਣੇ ਆਪ ਨੂੰ ਉੱਚਾ ਤੇ ਸਾਧਾਰਨ ਬੰਦੇ ਨੂੰ ਘਟੀਆ ਸਮਝਣ। ਰਾਜੀਵ ਵਲੋਂ 'ਨਵੀਂ ਵਿਦਿਆ ਪ੍ਰਣਾਲੀ' ਵੀ ਇਸੇ ਸੋਚ ਦੀ ਦੇਣ ਹੈ। ਇਹ ਦੂਨ ਸਕੂਲ ਦੇ ਤਜਰਬੇ ਨੂੰ ਹੁਣ ਵੱਡੀ ਪੱਧਰ ਤੇ ਲਾਗੂ ਕਰਨ ਦਾ ਉਪਰਾਲਾ ਹੈ। ਇਕੱਲਾ ਦੂਨ ਸਕੂਲ ਸਰਕਾਰ ਦੀਆਂ ਲੋੜਾਂ ਨਹੀਂ ਪੂਰੀਆਂ ਕਰ ਸਕਦਾ। ਵੱਧ ਗਿਣਤੀ ਵਿਚ ਇਸ ਮਾਨਸਿਕਤਾ ਦੇ ਲੋਕ ਚਾਹੀਦੇ ਹਨ, ਇਸ ਕਰਕੇ ਵੱਧ ਲੋਕ ਚਾਹੀਦੇ ਹਨ। ਹਰ ਜ਼ਿਲੇ ਵਿਚ ਇਹੋ ਜਿਹੇ ਸਕੂਲ ਦੀ ਲੋੜ ਹੈ। ਸਾਨੂੰ ਇਹ ਸਾਜ਼ਿਸ਼ ਸਮਝਣੀ ਚਾਹੀਦੀ ਹੈ ਕਿ ਪਬਲਿਕ ਸਕੂਲ ਬੰਦ ਕਰਕੇ ਸਰਕਾਰੀ ਸਕੂਲਾਂ ਨੂੰ ਪਬਲਿਕ ਸਕੂਲਾਂ ਦੀ ਪੱਧਰ ਤੇ ਲਿਆਂਦਿਆ ਜਾਏ।

—ਗੁਰਸ਼ਰਨ ਸਿੰਘ

# ਜੁਝਾਰ-ਕ੍ਰਵਿਤਾ ਨਾਲ ਸਬੰਧਤ ਮਸਲੇ

ਸੁਤਿੰਦਰ ਸਿਘ ਨੂਰ (ਦਿੱਲੀ ਯੂਨੀਵਰਸਿਟੀ)

ਪੰਜਾਬੀ ਕਵਿਤਾ ਦੇ ਸਮੁੱਚੇ ਪ੍ਰਗਤੀਵਾਦੀ-ਪ੍ਰਵਾਹ ਬਾਰੇ ਸਮੇਂ ਸਮੇਂ ਕਈ ਤਰ੍ਹਾਂ ਦੇ ਵਾਦ-ਵਿਵਾਦ ਪੈਦਾ ਹੁੰਦੇ ਰਹੇ ਹਨ। ਪਿਛਲੇ ਕੁਝ ਸਮੇਂ ਵਿਚ ਵਿਕਸਤ ਹੋਈ ਕਵਿਤਾ ਨੂੰ ਕ੍ਰਾਂਤੀਕਾਰੀ, ਜੁਝਾਰ, ਨਵ-ਪ੍ਰਗਤੀਵਾਦੀ, ਕਈ ਸ਼ਬਦਾਂ ਰਾਹੀਂ ਪਰਿਭਾਸ਼ਤ ਕੀਤਾ ਗਿਆ ਹੈ। ਇਨ੍ਹਾਂ ਸ਼ਬਦਾਂ ਨੂੰ ਕਈ ਵਾਰੀ ਲੋੜ ਤੋਂ ਵੱਧ ਆਪਸੀ ਤਨਾਉ ਦੇ ਰੂਪ ਵਿਚ ਵੀ ਉਘਾੜਿਆ ਗਿਆ ਹੈ, ਜਦੋਂ ਕਿ ਅਸਲ ਵਿਚ ਵਿਹਾਰਕ ਤੌਰ ਤੇ ਇਨ੍ਹਾਂ ਸ਼ਬਦਾਂ ਵਿਚ ਵਧੇਰੇ ਵਿਰੋਧ ਨਹੀਂ। ਅਸਲ ਵਿਚ ਜੁਝਾਰੂ-ਕਵਿਤਾ ਦੇ ਮਸਲਿਆਂ ਨੂੰ ਉਦੋਂ ਤੱਕ ਪੂਰੀ ਤਰ੍ਹਾਂ ਨਹੀਂ ਵਾਚਿਆ ਜਾ ਸਕਦਾ ਜਦੋਂ ਤੱਕ ਪ੍ਰਗਤੀਵਾਦੀ ਕਵਿਤਾ ਦੇ ਸਮੁੱਚੇ ਪਰਵਾਹ ਨੂੰ ਨਾ ਸਮਝਿਆ ਜਾਏ। ਪ੍ਰਗਤੀਸ਼ੀਲਤਾ ਆਰੰਭ ਤੋਂ ਹੀ ਪੰਜਾਬੀ ਕਵਿਤਾ ਦਾ ਖਾਸਾ ਰਹੀ ਹੈ, ਕਿਉਂਕਿ ਪੰਜਾਬੀ ਭਾਸ਼ਾ ਦਾ ਉਦੈ ਹੀ ਉਦੋਂ ਹੋਇਆ, ਜਦੋਂ ਪੰਜਾਬੀ ਸਭਿਆਚਾਰ ਇਕ ਖਾਸ ਸੰਕਟ ਦੀ ਸਥਿਤੀ ਵਿਚ ਸੀ। ਇਕ ਪਾਸੇ ਬ੍ਰਾਹਮਣਵਾਦ ਨੇ ਜਾਤੀ-ਤਨਾਉ ਪੈਦਾ ਕਰ ਦਿੱਤੇ ਸਨ ਤੇ ਦੂਜੇ ਪਾਸੇ ਬਾਹਰੋਂ ਪੰਜਾਬ ਤੇ ਪਰਹਾਰ ਹੋ ਰਿਹਾ ਸੀ, ਇਸ ਸਥਿਤੀ ਵਿਚ ਜਦੋਂ ਗੁਰੂ ਨਾਨਕ ਦੇਵ ਨੇ ਅਜਿਹੇ ਕਾਵਿ ਦੀ ਰਚਨਾ ਕੀਤੀ :

ਪਾਪ ਕੀ ਜੰਞ ਲੈ ਕਾਬਲਹੁ ਧਾਇਆ,
ਜੋਰੀ ਮੰਗੈ ਦਾਨੁ ਵੇ ਲਾਲੋ।
ਸਰਮੁ ਧਰਮੁ ਦੁਇ ਛਪਿ ਖਲੋਏ,
ਕੂੜੁ ਫਿਰੈ ਪਰਧਾਨੁ ਵੇ ਲਾਲੋ।
ਕਾਜੀਆ ਬਾਮਣਾ ਕੀ ਗਲ ਥਕੀ,
ਅਗਦੁ ਪੜੈ ਸੈਤਾਨੁ ਵੇ ਲਾਲੋ।
ਮੁਸਲਮਾਨੀਆ ਪੜਹਿ ਕਤੇਬਾ,
ਕਸਟ ਮਹਿ ਕਰਹਿ ਖੁਦਾਇ ਵੇ ਲਾਲੋ।
ਜਾਤਿ ਸਨਾਤੀ ਹੋਰਿ ਹਿਦਵਾਣੀਆ,
ਏਹਿ ਭੀ ਲੇਖੈ ਲਾਇ ਵੇ ਲਾਲੋ।
ਖੂਨ ਕੇ ਸੋਹਿਲੇ ਗਾਵੀਅਹਿ ਨਾਨਕ,
ਰਤੁ ਕਾ ਕੁੰਗੂ ਪਾਇ ਵੇ ਲਾਲੋ।

ਇਹ ਕਾਵਿ ਪਹਿਲੀ ਵੇਰ ਪੰਜਾਬ ਦੇ ਇਤਿਹਾਸ ਵਿਚ ਵੱਖਰੀ ਕਿਸਮ ਦਾ ਸੀ। ਇੱਥੋਂ ਹੀ ਪ੍ਰਗਤੀਸ਼ੀਲ ਕਵਿਤਾ ਦੇ ਕੁਝ ਅਜਿਹੇ ਮਸਲੇ ਸਾਹਮਣੇ ਆਉਂਦੇ ਹਨ, ਜਿਨ੍ਹਾਂ ਨੂੰ ਅਰੰਭ ਵਿਚ ਮੈਂ ਵਿਚਾਰਨਾ ਚਾਹੁੰਦਾ ਹਾਂ। ਵੀਹਵੀਂ ਸਦੀ ਦੇ ਚੌਥੇ ਦਹਾਕੇ ਤੋਂ ਸਾਹਮਣੇ ਆਈ ਪ੍ਰਗਤੀਵਾਦੀ ਲਹਿਰ ਤੋਂ ਪਹਿਲਾਂ ਦੀ ਅਜਿਹੀ ਕਵਿਤਾ ਲਈ ਮੈਂ ਸ਼ਬਦ ਪ੍ਰਗਤੀਸ਼ੀਲ ਵਰਤਣਾ ਚਾਹੁੰਦਾ ਹਾਂ। ਇਉਂ ਪ੍ਰਗਤੀਸ਼ੀਲ ਤੇ ਪ੍ਰਗਤੀਵਾਦੀ ਵਿਚ ਇਕ ਨਿਖੇੜ ਪੈਦਾ ਕਰਨਾ ਚਾਹੁੰਦਾ ਹਾਂ। ਪ੍ਰਗਤੀਸ਼ੀਲ ਕਵਿਤਾ ਦਾ ਉਦੈ ਤਾਂ ਪੰਜਾਬੀ ਕਵਿਤਾ ਦੇ ਨਾਲ ਹੀ ਹੋਇਆ ਸੀ ਤੇ ਇਸੇ ਕਾਰਨ ਹੀ ਹੁਣ ਤੱਕ ਪਹੁੰਚਦਿਆਂ ਪ੍ਰਗਤੀਸ਼ੀਲ ਕਵਿਤਾ ਪੰਜਾਬੀ ਕਵਿਤਾ ਦੀ ਮੁੱਖ ਧਾਰਾ ਬਣੀ। ਗੁਰੂ ਨਾਨਕ ਦੇਵ ਨੇ ਅਪਣੇ ਕਾਵਿ ਵਿਚ ਅਧਿਆਤਮਕ ਮਸਲਿਆਂ ਨੂੰ ਵੀ ਵਿਚਾਰਿਆ, ਕਿਉਂਕਿ ਸਮਕਾਲੀ ਪਰਿਪੇਖ ਵਿਚ ਭਾਰਤੀ ਦਰਸ਼ਨ ਤੇ ਪ੍ਰੰਪਰਾ ਦੇ ਕਈ ਮਸਲਿਆਂ ਨੂੰ ਫਿਰ ਵਿਚਾਰਣ ਦੀ ਲੋੜ ਸੀ, ਪਰ ਇਤਿ-ਹਾਸਕ-ਯਥਾਰਥ ਨੇ ਜੋ ਵੰਗਾਰ ਖੜੀ ਕੀਤੀ, ਉਸ ਸਬੰਧੀ ਗੁਰੂ ਨਾਨਕ ਦੇਵ ਨੇ ਬਹੁਤ ਸ਼ਕਤੀਸ਼ਾਲੀ ਪ੍ਰਗਤੀਸ਼ੀਲ ਕਾਵਿ ਦੀ ਰਚਨਾ ਕੀਤੀ। ਜਦੋਂ ਅਸੀਂ ਵਰਤਮਾਨ ਜੁਝਾਰ ਕਵਿਤਾ ਤੇ ਵਿਚਾਰ ਕਰਦੇ ਰਹੇ ਹਾਂ ਤਾਂ ਰੋਹ ਦੀ ਸੁਰ, ਸਿੱਧੇ ਰੂਪ ਵਿਚ ਬੋਲਣ ਦਾ ਮਸਲਾ ਬਾਰ ਬਾਰ ਖੜਾ ਹੁੰਦਾ ਰਿਹਾ ਹੈ। ਮਾਰਕਸਵਾਦੀ ਦ੍ਰਿਸ਼ਟੀ ਤੋਂ ਵੀ ਸੁਹਜ-ਸ਼ਾਸਤਰ ਦੇ ਮਸਲੇ ਸਾਡੇ ਸਾਹਮਣੇ ਆਉਂਦੇ ਰਹੇ ਹਨ। ਪਰ ਗੁਰੂ ਨਾਨਕ ਦੇਵ ਦੀਆਂ ਉਪ੍ਰੋਕਤ ਸਤਰਾਂ 'ਖੂਨ ਕੇ ਸੋਹਿਲੇ ਗਾਵੀਅਹਿ' ਜਿਸ ਰੂਪ ਤੇ ਜਿਸ ਵਿਧੀ ਵਿਚ ਗੱਲ ਕਰਦੀਆਂ ਹਨ, ਉਨ੍ਹਾਂ ਵਿਚਲਾ ਜੋ ਰੋਹ ਹੈ, ਉਸਨੂੰ ਅਸੀਂ ਕਿਵੇਂ ਪਰਿਭਾਸ਼ਤ ਕਰੀਏ, ਕੀ ਇਨ੍ਹਾਂ ਸਤਰਾਂ ਨੂੰ ਘੱਟ ਕਾਵਿਕ ਤੇ ਬਾਕੀਆਂ ਨੂੰ ਵੱਧ ਕਾਵਿਕ ਕਹੀਏ ? ਕੁਝ ਆਲੋਚਕਾਂ ਨੇ ਅਜਿਹੇ ਨਿਰਣਿਆਂ ਵੱਲ ਸੰਕੇਤ ਵੀ ਕੀਤਾ ਹੈ, ਪਰ ਗੱਲ ਇਉਂ ਨਹੀਂ, ਗੁਰੂ ਨਾਨਕ ਦੇਵ ਦੀਆਂ ਇਹ ਸਤਰਾਂ ਤਾਂ ਕਾਵਿਕ ਤੌਰ ਤੇ ਵੀ ਬਹੁਤ ਪ੍ਰਭਾਵਸ਼ਾਲੀ, ਸ਼ਕਤੀਸ਼ਾਲੀ ਤੇ ਸੰਪੂਰਨ ਸੁਚੇਤਨਾ ਇਤਿ-ਹਾਸਕ-ਸੋਝੀ ਨਾਲ ਸਬੰਧਤ ਹਨ। ਗੁਰੂ ਨਾਨਕ ਦੇਵ ਨੇ ਸੁਚੇਤ ਤੌਰ ਤੇ 'ਵੇ ਲਾਲੋ' ਜੋ ਸੰਬੋਧਨ ਚੁਣਿਆ ਹੈ, ਉਸ ਤੋਂ ਇਸ ਗੱਲ ਦਾ ਵੀ ਗਿਆਨ ਹੁੰਦਾ ਹੈ ਕਿ ਉਹ ਸੁਚੇਤ ਹਨ ਕਿ ਇਸ ਇਤਿਹਾਸਕ ਵੰਗਾਰ ਦਾ ਸਾਹਮਣਾ ਉਸ ਸਮੇਂ ਦੇ ਕਿਰਤੀ ਨੇ ਕਰਨਾ ਹੈ। 'ਲਾਲੋ' ਉਨ੍ਹਾਂ ਲਈ ਉਸ ਸਾਰੀ ਜਮਾਤ ਦਾ ਪ੍ਰਤੀਕ ਹੈ—ਤੇ ਉਹ ਪੂਰੇ ਰੋਹ ਵਿਚ ਬੋਲ ਕੇ ਉਸ ਜਮਾਤ ਨੂੰ ਇਸ ਵੰਗਾਰ ਦਾ ਸਾਹਮਣਾ ਕਰਨ ਲਈ ਝੰਜੋੜ ਰਹੇ ਹਨ। ਇਉਂ ਰੋਹ ਦੀ ਇਹ ਜ਼ੁਬਾਨ, ਸੰਬੋਧਨ ਦੀ ਇਹ ਵਿਧੀ ਉਸ ਸਮੇਂ ਦੇ ਤੜਫਦੇ ਇਤਿਹਾਸਕ ਸੰਕਟ ਦੀ ਉਪਜ ਹੈ। ਜੋ ਪਰਹਾਰ ਸਾਹਮਣੇ ਹੈ, ਉਸ

ਵਿਚ ਇਸ ਜ਼ਿੰਮੇਂਵਾਰੀ ਤੋਂ ਮੁਕਤ ਰਹਿਣਾ, ਚੇਤੰਨ-ਸ਼ਾਇਰ ਦਾ ਕਰਤਵ ਨਹੀਂ। ਗੁਰੂ ਨਾਨਕ ਦੇਵ ਨੇ ਤਾਂ ਆਪਣੇ ਕਾਵਿ ਵਿਚ ਥਾਂ ਪਰ ਥਾਂ ਸਮਾਜਕ-ਪ੍ਰਬੰਧ, ਸ਼ਰੇਣੀ-ਵੰਡ ਵੱਲ ਸੰਕੇਤ ਕਰਕੇ ਕਾਵਿ ਦੇ ਵਿਹਾਰਕ-ਕਰਤਵ ਦਾ ਮਸਲਾ ਵੀ ਉਠਾ ਦਿੱਤਾ, ਕਾਵਿ ਨੂੰ ਕੋਰੇ ਸੁਹਜ-ਅਨੁਭਵ ਜਾਂ ਅਨੰਦ ਨਾਲ ਹੀ ਨਹੀਂ ਜੋੜਿਆ—

1. ਨਾਲਿ ਕਿਰਾੜਾ ਦੋਸਤੀ, ਕੂੜੈ ਕੂੜੀ ਪਾਇ।
   ਮਰਣੁ ਨਾ ਜਾਪੈ ਮੂਲਿਆ ਆਵੈ ਕਿਤੈ ਥਾਇ।
2. ਜਾਤਿ ਬਰਨ ਕੁਲ ਸਹਸਾ ਚੂਕਾ
   ਗੁਰਮਤਿ ਸਬਦਿ ਬੀਚਾਰੀ।
3. ਕੂੜੁ ਬੋਲਿ ਮੁਰਦਾਰੁ ਖਾਇ।
   ਅਵਰੀ ਕੋ ਸਮਝਾਵਹਿ ਜਾਇ।
   ਮੁਠਾ ਆਪਿ ਮੁਹਾਇ ਲਾਥੈ।
   ਨਾਨਕ ਐਸਾ ਆਗੂ ਜਾਪੈ।
4. ਮਹਰ ਮਲੂਕ ਧੇਹਾਈਐ ਰਾਜਾ ਰਾਉ ਕਿ ਖਾਨ।
   ਚਉਧਰੀ ਰਾਉ ਸਦਾਈਐ ਜਲਿ ਬਲੀਐ ਅਭਿਮਾਨ।

ਗੁਰੂ ਨਾਨਕ ਦੇਵ ਕੋਲ ਇਸ ਵਿਸ਼ਲੇਸ਼ਣ ਤੇ ਰੋਹ ਦੀ ਜ਼ੁਬਾਨ ਵਿਚ ਬੋਲਣ ਲੱਗਿਆਂ ਇਕ ਸੁਗੱਠਿਤ ਵਿਅਕਤਿਤਵ ਵੀ ਹੈ ਤੇ ਇਤਿਹਾਸ ਤੇ ਸਭਿਆਚਾਰ ਦਾ ਇਕ ਪਰਿਪੇਖ ਵੀ। ਕਵਿਤਾ ਉਦੋਂ ਹੀ ਯੋਗਤਾ ਪ੍ਰਾਪਤ ਕਰਦੀ ਹੈ, ਜਦੋਂ ਸ਼ਾਇਰ ਕੋਲ ਇਹ ਸੁਗੱਠਿਤ ਵਿਅਕਤਿਤਵ ਵੀ ਹੋਵੇ ਤੇ ਅਜਿਹਾ ਪਰਿਪੇਖ ਵੀ। ਉਦੋਂ ਉਸ ਦੇ ਉਚਾਰੇ ਬੋਲ ਨਿਰੋਲ ਰੋਹ ਦਾ ਪ੍ਰਗਟਾਵਾ ਨਹੀਂ ਰਹਿੰਦੇ, ਸਗੋਂ ਕਾਰਜਸ਼ੀਲਤਾ ਨੂੰ ਜਨਮ ਦਿੰਦੇ ਹਨ, ਪਾਠਕ ਤੇ ਸਰੋਤੇ ਨੂੰ ਜਾਗਰਤ ਕਰਦੇ ਹਨ। ਗੁਰੂ-ਕਾਵਿ ਨੇ ਤਾਂ ਜਿਸ ਪ੍ਰਗਤੀਸ਼ੀਲ ਦ੍ਰਿਸ਼ਟੀਕੋਣ ਨੂੰ ਅਪਣਾਇਆ ਹੀ, ਭਗਤਾਂ ਨੇ ਵੀ 'ਵਤਨ' ਦੀ ਸਥਿਤੀ ਨੂੰ ਜਿਵੇਂ ਵਿਸ਼ਲੇਸ਼ਿਆ ਉਸਦੀ ਉਦਾਹਰਣ ਭਗਤ ਰਵਿਦਾਸ 'ਚੋਂ ਲਈ ਜਾ ਸਕਦੀ ਹੈ—

ਬੇਗਮਪੁਰਾ ਸਹਰ ਕੋ ਨਾਉ।  
ਦੂਖੁ ਅੰਦੋਹੁ ਨਹੀ ਤਿਹਿ ਠਾਉ।  
ਨਾ ਤਸਵੀਸ ਖਿਰਾਜੁ ਨਾ ਮਾਲੁ।  
ਖਉਫੁ ਨ ਖਤਾ ਨ ਤਰਸੁ ਜਵਾਲੁ।  
ਅਬ ਮੋਹਿ ਖੂਬ ਵਤਨ ਗਹ ਪਾਈ।  
ਉਹਾਂ ਖੈਰਿ ਸਦਾ ਮੇਰੇ ਭਾਈ।

ਮੱਧਕਾਲ ਦੀ ਬਾਕੀ ਪੰਜਾਬੀ ਕਵਿਤਾ ਵਿਚ ਵੀ ਵਧੇਰੇ ਥਾਂ ਸ਼ਾਇਰਾਂ ਕੋਲ ਇਕ ਦ੍ਰਿਸ਼ਟੀਕੋਣ ਸੀ। ਪਾਕਿਸਤਾਨੀ ਆਲੋਚਕ ਨਜਮ ਹੁਸੈਨ ਸੱਯਦ ਨੇ ਵਾਰਸ ਸ਼ਾਹ, ਬੁੱਲ੍ਹੇਸ਼ਾਹ ਤੇ ਹੋਰ ਸ਼ਾਇਰਾਂ ਦੇ ਸੰਕੇਤਾਂ, ਭਾਸ਼ਾ ਦਾ ਅਧਿਐਨ ਕਰਦਿਆਂ ਵਿਚਾਰਧਾਰਕ ਰਵੱਈਏ ਨੂੰ ਵੀ ਪਛਾਨਣ ਦਾ ਯਤਨ ਕੀਤਾ ਹੈ, ਪਰ ਸਾਡਾ ਵਧੇਰੇ ਧਿਆਨ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਰਚੇ ਕਾਵਿ ਵੱਲ ਜਾਂਦਾ ਹੈ। ਸਿੱਖ ਗੁਰੂਆਂ ਨੇ, ਖਾਸ ਤੌਰ ਤੇ ਗੁਰੂ ਗੋਬਿੰਦ ਸਿੰਘ ਨੇ ਜਿਨ੍ਹਾਂ ਲੋਕਾਂ ਨੂੰ ਨਿਰੋਲ ਪੌਰਾਣਿਕ-ਚੇਤਨਾ ਦੀ ਥਾਂ ਇਤਿਹਾਸਕ-ਸੋਝੀ ਨਾਲ ਜੋੜਿਆ ਸੀ, ਉਨ੍ਹਾਂ ਦਾ ਸੰਘਰਸ਼ ਇਕ ਲੰਮਾ ਸਮਾਂ ਆਪਣੀ ਸੁਰੱਖਿਆ ਲਈ ਰਹਿ ਗਿਆ। ਇਸ ਲਈ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਬਾਅਦ ਜੋ ਸਮਾਜਕ-ਵਿਰੋਧ ਵਿਕਸਤ ਹੋਏ ਉਨ੍ਹਾਂ ਵੱਲ ਸਾਡਾ ਵਧੇਰੇ ਧਿਆਨ ਜਾਂਦਾ ਹੈ, ਜੇ ਇਕ ਪਾਸੇ ਅਹਿਮਦਯਾਰ ਉਸ ਸਮੇਂ ਦੇ ਫ਼ੀਊਡਲ ਸਰਦਾਰਾਂ ਦੇ ਦਿਲ ਬਹਿਲਾਵੇ ਲਈ ਕਿੱਸਿਆਂ ਦੀ ਰਚਨਾ ਕਰਦਾ ਹੈ ਤਾਂ ਦੂਜੇ ਪਾਸੇ ਹਾਸ਼ਮ ਨੂੰ ਆਪਣੇ ਕਿੱਸਿਆਂ ਵਿਚ ਜਿੱਥੇ ਵੀ ਮੌਕਾ ਮਿਲਦਾ ਹੈ, ਉਹ ਸਥਾਪਤੀ, ਰਾਜ-ਸ਼ਰੇਣੀ ਤੇ ਪਰਹਾਰ ਕਰਦਾ ਹੈ :—

ਕਹੁ ਹੁਣ ਹਾਲ ਹਕੀਕਤ ਹਾਸ਼ਮ,  
ਹੁਣ ਦਿਆਂ ਬਾਦਸ਼ਾਹਾਂ ਦੀ।  
ਜ਼ੁਲਮੋਂ ਕੂਕ ਗਈ ਅਸਮਾਨੀਂ,  
ਦੁਖੀਆ ਰੋਜ਼ ਦਿਲਾਂ ਦੀ।  
ਆਦਮੀਆਂ ਦੀ ਸੂਰਤਿ ਦਿਸਦੇ,  
ਰਾਕਸ਼ ਆਦਮਖੋਰੇ।  
ਜ਼ਾਲਮ ਚੋਰ ਪਲੀਤ ਜ਼ਿਨਾਹੀ,  
ਖੌਫ਼ ਖੁਦਾਉਂ ਕੋਰੇ।

ਪੰਜਾਬੀ ਕਵਿਤਾ ਵਿਚ ਪ੍ਰਗਤੀਸ਼ੀਲ ਸੁਰ ਜਿਵੇਂ ਵਿਕਸਤ ਹੋਈ, ਉਹ ਇਨ੍ਹਾਂ ਸ਼ਾਇਰਾਂ ਦੇ ਵਿਚਾਰਧਾਰਕ-ਦ੍ਰਿਸ਼ਟੀਕੋਣ ਤੋਂ ਪਛਾਣੀ ਜਾ ਸਕਦੀ ਹੈ। ਇਉਂ ਕਵਿਤਾ ਦਾ ਹਮੇਸ਼ਾਂ ਵਿਸ਼ੇਸ਼ ਰੂਪ ਵਿਚ ਸਿਆਸਤ ਨਾਲ ਸਰੋਕਾਰ ਰਿਹਾ ਹੈ। ਜਦੋਂ ਕਵਿਤਾ ਸ਼ਾਹ ਮੁਹੰਮਦ ਤੱਕ ਪਹੁੰਚੀ ਤਾਂ ਉਸਨੇ ਤਾਂ ਕਵਿਤਾ ਵਿਚ ਪੰਜਾਬ ਦੇ ਉਸ ਸਮੇਂ ਦੇ ਇਤਿਹਾਸਕ-ਸੰਕਟ ਨੂੰ ਕੇਵਲ ਬਿਆਨ ਹੀ ਨਾ ਕੀਤਾ, ਸਗੋਂ ਪੰਜਾਬ ਨਾਲ ਵਾਪਰ ਗਈ ਤ੍ਰਾਸਦੀ ਬਾਰੇ ਇਕ ਦ੍ਰਿਸ਼ਟੀਕੋਣ ਅਪਣਾਇਆ, ਇਸਦੇ ਜ਼ਿੰਮੇਵਾਰਾਂ ਤੇ ਵਿਅੰਗ ਕੀਤਾ, ਉਨ੍ਹਾਂ ਨੂੰ ਝਾੜਿਆ। ਪੰਜਾਬ ਦੇ ਸਮਕਾਲੀ ਸੰਕਟ ਬਾਰੇ ਜੋ ਕਾਵਿ ਪੈਦਾ ਹੋਇਆ, ਉਸਨੂੰ ਵਿਚਾਰਦਿਆਂ ਵੀ ਅਸੀਂ ਸ਼ਾਹ ਮੁਹੰਮਦ ਤੱਕ ਪਰਤਦੇ ਹਾਂ। ਇਉਂ ਸ਼ਾਹ ਮੁਹੰਮਦ ਅਜਿਹਾ ਕਵੀ ਸੀ, ਜਿਸਨੇ ਪੰਜਾਬ ਵਿਚ ਵਾਪਰ ਗਏ ਇਕ ਅਜਿਹੇ ਸੰਕਟ ਨੂੰ ਪਹਿਲੀ ਵਾਰੀ ਅੰਕਿਤ ਕੀਤਾ, ਜਿਸ ਨਾਲ ਭਵਿਖ ਦਾ ਇਤਿਹਾਸ ਡੂੰਘੀ ਤਰ੍ਹਾਂ ਸਬੰਧਤ ਸੀ, ਉਸ ਨੇ ਪੰਜਾਬੀ ਸਭਿਆਚਾਰ ਨੂੰ ਨਾਸ ਕਰਨ ਵਾਲੇ ਅੰਤਰੀਵ ਵਿਰੋਧੀ ਤੱਤਾਂ ਅਤੇ ਅੰਗਰੇਜ਼ ਸਾਮਰਾਜ ਨੂੰ ਪਛਾਣਿਆ, ਇਸ ਲਈ ਆਧੁਨਿਕ ਪੰਜਾਬੀ ਕਵਿਤਾ ਦਾ ਪਹਿਲਾ ਮੁਖ ਕਵੀ ਸ਼ਾਹ ਮੁਹੰਮਦ ਨੂੰ

ਕਹਿਣਾ ਚਾਹੀਦਾ ਹੈ, ਨਾ ਕਿ ਭਾਈ ਵੀਰ ਸਿੰਘ ਨੂੰ। ਜੇ ਅਸੀਂ ਇਸ ਗੱਲ ਨੂੰ ਧਿਆਨ ਨਾਲ ਘੋਖੀਏ ਤਾਂ ਪ੍ਰਗਤੀਵਾਦ ਤੱਕ ਪਹੁੰਚਦੀ ਪ੍ਰਗਤੀਸ਼ੀਲ ਕਵਿਤਾ ਤੇ ਉਸ ਵਿਚ ਪ੍ਰਤਿਬਿੰਬਤ ਹੋਏ ਸੰਕਟ ਨੂੰ ਹੋਰ ਵਧੇਰੇ ਪਛਾਣ ਸਕਦੇ ਹਾਂ।

ਵੀਹਵੀਂ ਸਦੀ ਵਿਚ ਜੋ ਸਥਿਤੀਆਂ ਬਦਲੀਆਂ, ਅੰਗਰੇਜ਼ ਸਾਮਰਾਜ ਦੀ ਜਕੜ ਦੇ ਉੱਤਰ ਵਿਚ ਆਜ਼ਾਦੀ ਲਹਿਰ, ਕਿਸਾਨ ਲਹਿਰ, ਅਕਾਲੀ ਲਹਿਰ ਤੇ ਹੋਰ ਅੰਦੋਲਨਾਂ ਨੇ ਇਕ ਪਾਸੇ ਰਾਸ਼ਟਰਵਾਦੀ ਪ੍ਰਵਿਰਤੀ ਨੂੰ ਪੰਜਾਬੀ ਕਵਿਤਾ ਵਿਚ ਲਿਆਂਦਾ ਤੇ ਦੂਜੇ ਪਾਸੇ ਮਾਰਕਸ-ਵਾਦੀ ਪ੍ਰਭਾਵਾਂ, ਭਗਤ ਸਿੰਘ ਦੇ ਚਿੰਤਨ, ਕਮਿਊਨਿਸਟ ਪਾਰਟੀ ਦੀ ਸਥਾਪਨਾ ਨੇ ਇਕ ਨਵੀਂ ਸਿਧਾਂਤਕ ਜਾਗਰਤਾ ਨੂੰ ਜਨਮ ਦਿੱਤਾ ਤੇ ਪ੍ਰਗਤੀਵਾਦ ਇਸ ਪਿਛੋਕੜ ਵਿਚੋਂ ਜਦੋਂ ਸੰਗਠਿਤ ਰੂਪ ਵਿਚ ਸਾਹਮਣੇ ਆ ਗਿਆ ਤਾਂ ਪ੍ਰਗਤੀਵਾਦੀ ਸ਼ਾਇਰਾਂ ਦੀ ਪ੍ਰਤਿਬੱਧਤਾ ਸਿਧਾਂਤਕ ਤੌਰ ਤੇ ਮਾਰਕਸਵਾਦ ਨਾਲ ਨਿਸ਼ਚਿਤ ਹੋ ਗਈ। ਇਸ ਦੌਰ ਤੱਕ ਪਹੁੰਚਣ ਸਮੇਂ ਸਾਡੇ ਕੋਲ ਜੋ ਪ੍ਰਗਤੀਸ਼ੀਲ ਪਿਛੋਕੜ ਸੀ, ਉਹ ਵੀ ਸਾਡੇ ਲਈ ਸਹਾਇਕ ਹੋਇਆ ਤੇ ਰਾਸ਼ਟਰ-ਵਾਦੀ ਲਹਿਰਾਂ ਵੀ ਸਹਾਇਕ ਹੋਈਆਂ। ਇਸ ਦੌਰ ਵਿਚ ਜੋ ਕਵਿਤਾ ਗ਼ਦਰੀ ਬਾਬਿਆਂ ਨੇ ਜਾਂ ਹੋਰ ਦੇਸ਼ ਭਗਤਾਂ ਨੇ ਲਿਖੀ, ਉਹ ਇਸ ਪਿਛੋਕੜ ਵਿਚ ਬਹੁਤ ਮਹੱਤਵ ਯੋਗ ਹੈ। ਦੀਵਾਨ ਸਿੰਘ ਕਾਲੇਪਾਣੀ ਦੀ ਕਵਿਤਾ ਵੀ ਮਹੱਤਵਯੋਗ ਹੈ ਜਿਸਨੇ ਮੱਧਕਾਲੀ ਅਤੇ ਨਿਰੋਲ ਧਾਰਮਿਕ ਅਕੀਦਿਆਂ ਬਾਰੇ ਸ਼ੰਕਾ ਤੇ ਕਿੰਤੂ ਖੜਾ ਕੀਤਾ। ਇਹ ਗੱਲਾਂ ਕਹਿਣ ਦਾ ਮੇਰਾ ਭਾਵ ਇਹ ਹੈ ਕਿ ਅਗੇਰੇ ਰਚੀ ਗਈ ਪ੍ਰਗਤੀਵਾਦੀ ਕਵਿਤਾ ਜਾਂ ਉਸਤੋਂ ਪਿੱਛੋਂ ਦੀ ਜੁਝਾਰ ਕਵਿਤਾ ਕੋਲ ਇਸ ਸਾਰੀ ਪ੍ਰੰਪਰਾ ਅਤੇ ਵਿਕਾਸ ਦੀ ਸੋਝੀ ਹੁੰਦੀ ਹੈ। ਇਸ ਖੇਤਰ ਦੀ ਕਾਵਿ-ਯੋਗਤਾ ਕਿੱਥੋਂ ਤੱਕ ਵਿਕਸਤ ਹੋਈ ਹੈ, ਉਸਦੀ ਚੇਤਨਾ ਕੇਵਲ ਹੁੰਦੀ ਹੀ ਨਹੀਂ, ਹੋਣੀ ਜ਼ਰੂਰੀ ਹੈ।

ਪ੍ਰਗਤੀਵਾਦੀ ਕਵਿਤਾ ਦਾ ਜਦੋਂ ਦੌਰ ਸ਼ੁਰੂ ਹੋਇਆ ਤਾਂ ਇਕ ਪਾਸੇ ਸਾਡਾ ਸਰੋਕਾਰ ਆਪਣੇ ਸਮਾਜਕ-ਵਿਰੋਧਾਂ ਸਿਆਸੀ-ਸਮੱਸਿਆਵਾਂ ਅਤੇ ਇਤਿਹਾਸਕ-ਪਰਿਪੇਖ ਨਾਲ ਸੀ, ਦੂਜੇ ਪਾਸੇ ਅਸੀਂ ਉਸ ਦੌਰ ਵਿਚ ਪਹੁੰਚ ਗਏ ਸਾਂ, ਜਿੱਥੇ ਸਾਡਾ ਸਰੋਕਾਰ ਕੇਵਲ ਅਪਣੀਆਂ ਪਰੰਪਰਾਵਾਂ ਨਾਲ ਹੀ ਨਹੀਂ ਸੀ ਰਹਿ ਗਿਆ, ਸਗੋਂ ਭਾਰਤ ਵਿਚ ਵਿਕਸਤ ਹੋ ਰਹੀਆਂ ਹੋਰ ਭਾਸ਼ਾਵਾਂ, ਉਨ੍ਹਾਂ ਵਿਚ ਵਿਕਸਤ ਹੋ ਰਿਹਾ ਪ੍ਰਗਤੀਵਾਦੀ ਕਾਵਿ ਅਤੇ ਦੂਜੇ ਪਾਸੇ ਸੰਸਾਰ ਵਿਚ ਸਮਾਜਵਾਦੀ ਤੇ ਸਾਮਰਾਜੀ ਸ਼ਕਤੀਆਂ ਦਾ ਵਿਰੋਧ, ਪੂੰਜੀਵਾਦ ਦੇ ਨਵੇਂ ਦਾਅ ਪੇਚ, ਅਤੇ ਇਸਦੇ ਨਾਲ ਹੀ ਸਮੁੱਚੇ ਸੰਸਾਰ ਵਿਚ ਵਿਕਸਤ ਹੋਇਆ ਪ੍ਰਗਤੀਵਾਦੀ ਕਾਵਿ ਵੀ ਸਾਡੇ ਸਰੋਕਾਰ ਵਿਚ ਸ਼ਾਮਲ ਹੋ ਗਿਆ। ਪ੍ਰਗਤੀਵਾਦੀ-ਕਾਵਿ ਦੀ ਰਚਨਾ ਦਾ ਕਾਰਜ ਜਟਿਲ ਹੋ ਗਿਆ। ਪਾਬਲੋ ਨੇਰੂਦਾ, ਨਾਜ਼ਮ ਹਿਕਮਤ, ਵਰਗੇ ਸ਼ਾਇਰ ਸਾਡੀ ਚੇਤਨਾ ਦਾ ਹਿੱਸਾ ਬਣ ਗਏ।

ਪਹਿਲੇ ਦੌਰ ਦੀ ਪ੍ਰਗਤੀਵਾਦੀ ਕਵਿਤਾ, ਜਿਸ ਨੂੰ ਰੁਮਾਂਟਿਕ-ਪ੍ਰਗਤੀਵਾਦ ਜਾਂ ਮੋਹਨ ਸਿੰਘ ਪ੍ਰੰਪਰਾ ਦਾ ਨਾਂ ਦਿੱਤਾ ਗਿਆ ਹੈ। ਇਸ ਕੋਲ ਪਹਿਲਾਂ ਆਜ਼ਾਦੀ ਤੇ ਕ੍ਰਾਂਤੀ ਦਾ ਇਕ ਸੁਪਨਾ ਸੀ ਤੇ ਆਜ਼ਾਦੀ ਤੋਂ ਬਾਅਦ ਪੈਦਾ ਹੋਈ ਨਿਰਾਸ਼ਾ ਕਾਰਨ ਫਿਰ ਕ੍ਰਾਂਤੀ ਦਾ ਸੁਪਨਾ ਜੀਵਤ ਹੋਇਆ। ਮੋਹਨ ਸਿੰਘ ਨੇ ਇਸ ਸੁਪਨੇ 'ਚੋਂ ਬਹੁਤ ਸਾਰੀ ਕਾਵਿ ਦੀ ਸਿਰਜਣਾ ਕੀਤੀ, ਪਰ ਉਸਦੀ ਕਵਿਤਾ ਲਗ ਪਗ ਸੀ. ਪੀ. ਆਈ ਦੀਆਂ ਨੀਤੀਆਂ, ਲਹਿਰਾਂ ਦੇ ਨੇੜ ਤੇੜ ਹੀ ਵਿਚਰੀ, ਇਸੇ ਲਈ ਉਸਨੇ ਬਾਅਦ ਵਿਚ ਲਾਲ ਬਹਾਦਰ ਸ਼ਾਸਤਰੀ, ਪੰਡਿਤ ਨਹਿਰੂ, ਮਹਾਤਮਾ ਗਾਂਧੀ ਆਦਿ ਬਾਰੇ ਇਸ ਵਿਚਾਰਧਾਰਾ ਨਾਲ ਕਵਿਤਾਵਾਂ ਵੀ ਲਿਖੀਆਂ ਜਿਨ੍ਹਾਂ ਤੋਂ ਉਸ ਦ੍ਰਿਸ਼ਟੀਕੋਣ ਦੀ ਝਲਕ ਮਿਲਦੀ ਸੀ, ਜਿਸ ਨੇ ਨੈਸ਼ਨਲ ਬੁਰਜੁਆਜ਼ੀ ਨਾਲ ਸਮਝੌਤਾ ਕਰਕੇ ਆਪਣੇ ਆਪ ਨੂੰ ਤਕੜਿਆਂ ਕਰਨ ਦਾ ਰਾਹ ਚੁਣਿਆ ਸੀ, ਪਰ ਸਿੱਟਾ ਇਹ ਹੋਇਆ ਕਿ ਕਮਿਊਨਿਸਟ ਪਾਰਟੀ ਵੀ ਦੋਫਾੜ, ਤਿਫਾੜ ਤੇ ਚੌਫਾੜ ਹੋਈ ਤੇ ਉਸ ਰੂਪ ਵਿਚ ਉਨ੍ਹਾਂ ਨੀਤੀਆਂ ਨਾਲ ਜੁੜੀ ਪ੍ਰਗਤੀਵਾਦੀ ਲਹਿਰ ਵੀ ਸਿਥਲ ਪੈ ਗਈ।

ਇੱਥੇ ਪਹੁੰਚ ਕੇ ਪ੍ਰਗਤੀਵਾਦ ਉਤੇ ਪਰਹਾਰ ਕਰਨ ਦਾ ਆਧੁਨਿਕਤਾਵਾਦ ਨੂੰ ਮੌਕਾ ਮਿਲਿਆ, ਆਧੁਨਿਕਤਾ-ਵਾਦ ਕੇਵਲ ਪੱਛਮੀ ਰੂਪ-ਵਿਧੀਆਂ ਹੀ ਨਾ ਲੈ ਕੇ ਆਇਆ, ਸਗੋਂ ਚਿੰਤਨ ਤੇ ਸਭਿਆਚਾਰ-ਮਾਡਲ ਵੀ ਲੈ ਕੇ ਆਇਆ ਜਿਸਦੀਆਂ ਜੜ੍ਹਾਂ ਪੱਛਮੀ ਪੂੰਜੀਵਾਦੀ-ਸਮਾਜਕ-ਵਿਰੋਧਾਂ ਵਿਚ ਸਨ, ਮਹਾਂਨਗਰ ਦੀ ਅੰਤ੍ਰੀਵ ਪਤਨਸ਼ੀਲਤਾ ਵਿਚ ਸਨ। ਇਸ ਲਈ ਜਦੋਂ ਨਵ-ਪ੍ਰਗਤੀਵਾਦੀ, ਕ੍ਰਾਂਤੀਕਾਰੀ ਜਾਂ ਜੁਝਾਰ ਕਵਿਤਾ ਸਾਹਮਣੇ ਆਈ ਤਾਂ ਉਸਨੇ ਇਕ ਪਰਹਾਰ ਤਾਂ ਇਸ ਆਧੁਨਿਕਤਾ-ਵਾਦ ਉਤੇ ਕੀਤਾ ਤੇ ਦੂਜਾ ਪਰਹਾਰ ਪਿਛਲੀ ਰੁਮਾਂਟਿਕ ਪ੍ਰਗਤੀਵਾਦੀ ਕਵਿਤਾ ਉਤੇ ਕੀਤਾ। ਇਸਦਾ ਸਿਧਾਂਤਕ ਪ੍ਰਗਟਾ ਸਿੱਧੇ ਤੌਰ ਤੇ ਅਜਿਹੀਆਂ ਸਤਰਾਂ ਰਾਹੀਂ ਹੋਇਆ :—

ਮੇਰੇ ਤੋਂ ਆਸ ਨ ਕਰਿਓ ਕਿ ਮੈਂ ਖੇਤਾਂ ਦਾ ਪੁੱਤ ਹੋ ਕੇ
ਤੁਹਾਡੇ ਚਗਲੇ ਹੋਏ ਸਵਾਦਾਂ ਦੀ ਗੱਲ ਕਰਾਂਗਾ
ਜਿਨ੍ਹਾਂ ਦੇ ਹੜ੍ਹ 'ਚ ਰੁੜ੍ਹ ਜਾਂਦੀ ਹੈ
ਸਾਡੇ ਬੱਚਿਆਂ ਦੀ ਤੋਤਲੀ ਕਵਿਤਾ
ਤੇ ਸਾਡੀਆਂ ਧੀਆਂ ਦਾ ਕੰਜਕ ਜਿਹਾ ਹਾਸਾ

ਮੈਂ ਤਾਂ ਜਦ ਵੀ ਕੀਤੀ—ਖਾਦ ਦੇ ਘਾਟੇ
ਕਿਸੇ ਗਰੀਬੜੀ ਦੀ ਹਿੱਕ ਵਾਂਗੂੰ ਪਿਚਕ ਗਏ ਗੰਨਿਆਂ ਦੀ
ਗੱਲ ਹੀ ਕਰਾਂਗਾ ।
ਮੈਂ ਦਲਾਨ ਦੇ ਖੂੰਜੇ 'ਚ ਪਈ ਸਓਣੀ ਦੀ ਫ਼ਸਲ
ਤੇ ਦਲਾਨ ਦੇ ਬੂਹੇ ਤੇ ਖੜੇ ਸਿਆਲ ਦੀ ਹੀ ਗੱਲ ਕਰਾਂਗਾ।
(ਪਾਸ਼—ਸਾਡੇ ਸਮਿਆਂ ਵਿਚ)

ਇਸੇ ਪੁਸਤਕ ਦੀ ਭੂਮਿਕਾ ਵਿਚ ਪਾਸ਼ ਨੇ ਅਜਿਹੀ ਜੁਝਾਰ ਕਵਿਤਾ ਦੇ ਸੰਗਠਨ ਬਾਰੇ ਵੀ ਕੁਝ ਨਿਸਚਿਤ ਗੱਲਾਂ ਕੀਤੀਆਂ, ਪਰ ਇਸ ਜੁਝਾਰ ਕਵਿਤਾ ਵਿਚ ਪਿਛਲੀ ਜਾਂ ਸਮਾਨਾਂਤਰ ਲਿਖੀ ਗਈ ਹੋਰ ਸਮਕਾਲੀ ਕਵਿਤਾ ਦਾ ਜੋ ਵਿਰੋਧ ਪੈਦਾ ਹੋਇਆ, ਉਸ ਵਿਚ ਪਿਛਲੀ ਕਵਿਤਾ ਵਾਲੀ ਅਲੰਕਾਰਾਂ ਦੀ ਜੁਗਤ ਨੂੰ ਰੱਦ ਕਰ ਦਿੱਤਾ ਗਿਆ ਹੈ, ਸ਼ਹਿਰੀ ਮੱਧ-ਸ਼ਰੇਣਿਕ ਸੂਹਜ-ਭਾਵਨਾ ਨੂੰ ਰੱਦ ਕਰ ਦਿੱਤਾ ਗਿਆ ਹੈ । ਕਾਵਿ-ਭਾਸ਼ਾ ਦੇ ਨਾਂ ਤੇ ਯਥਾਰਥ ਤੇ "ਕਰੜ-ਬਰੜੀ' ਭਾਸ਼ਾ ਨੂੰ ਜਿਵੇਂ ਕਾਵਿ ਤੋਂ ਬਾਹਰ ਧੱਕਿਆ ਜਾਣ ਲੱਗਾ ਸੀ, ਉਸਦਾ ਵਿਰੋਧ ਹੈ । ਜੁਝਾਰ ਕਵਿਤਾ ਦਾ ਜਿਵੇਂ ਅਪਣੀ ਪ੍ਰੰਪਰਾ ਤੇ ਹੋਰ ਸਮਾਨਾਂਤਰ ਸਾਹਿਤਕ ਤੇ ਸਮਾਜਕ ਮਸਲਿਆਂ ਨਾਲ ਸੰਵਾਦ ਚਾਹੀਦਾ ਹੈ, ਉਹ ਪਾਸ਼ ਵਿਚ 'ਸਾਡੇ ਸਮਿਆਂ ਵਿਚ' ਪਹੁੰਚਕੇ ਵਧੇਰੇ ਸਪਸ਼ਟ ਹੁੰਦਾ ਹੈ । ਪਹਿਲੀਆਂ ਪੁਸਤਕਾਂ ਵਿਚ ਕੁਝ ਘੱਟ ਜਾਂ ਉਸ ਦੌਰ ਵਿਚ ਜੁਝਾਰ ਕਵੀ ਵੀ ਅਜਿਹੀ ਜ਼ਿੰਮੇਵਾਰੀ ਵੱਲੋਂ ਵਧੇਰੇ ਚੇਤੰਨ ਨਹੀਂ ਸਨ । ਕਿਉਂਕਿ ਇਹ ਕਵਿਤਾ ਉਹਨਾਂ ਕਵੀਆਂ ਨੇ ਲਿਖੀ ਜੋ ਨਕਸਲਵਾਦੀ ਲਹਿਰ ਨਾਲ ਸਿਆਸੀ ਕਾਰਜਸ਼ੀਲਤਾ ਕਰਕੇ ਵੀ ਸਬੰਧਤ ਸਨ ਤੇ ਇਸ ਲਈ ਉਹਨਾਂ ਦੇ 'ਰੋਹ' ਦਾ ਸਿੱਧੇ ਤੌਰ ਤੇ ਪਰਗਟ ਹੋਣਾ ਸੰਭਵ ਸੀ, ਉਸ ਸਮੇਂ ਦੀ ਬਹੁਤੀ ਕਵਿਤਾ ਵਿਚ ਇਸੇ ਕਰਕੇ ਇਕ ਦੂਜੇ ਦਾ ਦੁਹਰਾਉ ਹੈ । ਉਹ ਕਵੀ ਜਾਂ ਕਵਿਤਾਵਾਂ ਵਧੇਰੇ ਚਰਚਾ ਦਾ ਕਾਰਣ ਬਣੀਆ, ਜਿਨ੍ਹਾਂ ਵਿਚ ਕੁਝ ਭਿੰਨਤਾ ਪੈਦਾ ਹੋਈ । ਬਹੁਤ ਸਾਰੇ ਕਵੀ ਸਾਹਮਣੇ ਆਏ, ਪਰ ਮੈਂ ਤਿੰਨ ਕਵੀਆਂ ਦਾ ਖਾਸ ਤੌਰ ਤੇ ਜ਼ਿਕਰ ਕਰਨਾ ਚਾਹੁੰਦਾ ਹਾਂ । ਪਾਸ਼ ਬਾਰੇ ਕੁਝ ਸੰਕੇਤ ਹੋ ਚੁੱਕਾ ਹੈ, ਕੁਝ ਮਸਲੇ ਸੰਤ ਰਾਮ ਉਦਾਸੀ ਅਤੇ ਅਮਰਜੀਤ ਚੰਦਨ ਦੀਆਂ ਕਵਿਤਾਵਾਂ ਨਾਲ ਸਬੰਧਤ ਹਨ । ਸੰਤ ਰਾਮ ਉਦਾਸੀ ਨੇ ਜਿਨ੍ਹਾਂ ਗੀਤਾਂ ਦੀ ਰਚਨਾ ਕੀਤੀ ਹੈ, ਭਾਵੇਂ ਉਹਨਾਂ ਵਿਚ ਵਧੇਰੇ ਗਹਿਰਾਈ ਨਹੀਂ ਹੁੰਦੀ, ਪਰ ਉਹਨਾਂ ਦਾ ਇਕ ਵਿਸ਼ੇਸ਼ ਮਹਤਵ ਬਣਦਾ ਹੈ । ਆਧੁਨਿਕਤਾਵਾਦ ਨੇ ਕਵਿਤਾ ਤੇ ਚੇਤਨਾ ਦਾ ਜੋ ਮਾਡਲ ਸਾਹਮਣੇ ਲਿਆਉਣ ਦਾ ਯਤਨ ਕੀਤਾ ਸੀ, ਉਸ ਵਿਚ ਪ੍ਰਗੀਤ ਦਾ ਵਿਰੋਧ ਕੀਤਾ ਗਿਆ ਸੀ, ਲੋਕਯਾਨਿਕ ਭਾਸ਼ਾ ਦਾ ਵਿਰੋਧ ਸੀ । ਲੋਕਯਾਨਿਕ ਭਾਸ਼ਾ ਨੂੰ ਅਵਿਕਸਿਤ ਕਹਿ ਕੇ ਸਭਿਆਚਾਰਕ ਪ੍ਰੰਪਰਾਵਾਂ ਤੇ ਪਰਹਾਰ ਪੂੰਜੀਵਾਦੀ-ਚਿੰਤਨ ਨੇ ਕੀਤਾ । ਪ੍ਰਗੀਤ ਸਾਨੂੰ ਸਾਡੇ ਅਚੇਤ ਤੇ ਲੋਕਯਾਨ ਨਾਲ ਜੋੜ ਕੇ ਰੱਖਦਾ ਹੈ । ਸੰਤ ਰਾਮ ਉਦਾਸੀ ਨੇ ਅਜਿਹੇ ਪ੍ਰਗੀਤ ਦੀ ਰਚਨਾ ਕਰਕੇ ਇਸ ਆਧੁਨਿਕਤਾ-ਵਾਦੀ ਪਰਹਾਰ ਦਾ ਜੁਆਬ ਦਿੱਤਾ । ਅਮਰਜੀਤ ਚੰਦਨ ਨੇ ਆਪਣੀਆਂ ਕਵਿਤਾਵਾਂ ਵਿੱਚ ਵੀ ਤੇ ਆਪਣੀ ਪੁਸਤਕ 'ਕਵਿਤਾਵਾਂ' ਦੇ ਮੁੱਖਬੰਧ ਰਾਹੀਂ ਪ੍ਰੋਲਤਾਰੀ-ਚੇਤਨਾ ਦੀ ਕਵਿਤਾ ਦਾ ਮਸਲਾ ਉਠਾਇਆ ਹੈ । ਪਾਸ਼ ਦਾ ਉਪਰ ਅਸੀਂ ਜੋ ਕਾਵਿ-ਸਿਧਾਂਤ ਦੇਖਿਆ ਸੀ, ਉਹ ਸਮੁੱਚੇ ਪ੍ਰੋਲਤਾਰੀ-ਅਨੁਭਵ ਨੂੰ ਕੇਂਦਰ ਨਹੀਂ ਬਣਾਉਂਦਾ, ਕੇਵਲ ਕਿਸਾਨੀ ਨੂੰ ਬਣਾਉਂਦਾ ਹੈ, ਚੰਦਨ ਸਮੁੱਚੇ ਕਿਰਤੀ-ਅਨੁਭਵ ਜਾਂ ਪ੍ਰੋਲਤਾਰੀ-ਚੇਤਨਾ ਵੱਲ ਸੰਕੇਤ ਕਰਦਾ ਹੈ । ਉਂਝ ਇਸ ਕਿਰਤੀ-ਅਨੁਭਵ 'ਚੋਂ ਆਪਣੀ ਕਵਿਤਾ ਵਿਚ ਲਾਲ ਸਿੰਘ ਦਿਲ ਬੋਲਦਾ ਹੈ । ਅਮਰਜੀਤ ਚੰਦਨ ਆਧੁਨਿਕ ਵਿਕਸਤ ਮੁਹਾਵਰੇ ਨੂੰ ਤੇ ਜਟਿਲਤਾ ਨੂੰ ਅਪਣਾਉਂਦਾ ਹੈ । ਇਸ ਦ੍ਰਿਸ਼ਟੀ ਤੋਂ ਉਸਦਾ ਹੋਰ ਜੁਝਾਰ ਸ਼ਾਇਰਾਂ ਨਾਲ ਕਈ ਵਾਰ ਤਿੱਖਾ ਵਾਦ-ਵਿਵਾਦ ਵੀ ਪੈਦਾ ਹੋਇਆ ਹੈ। ਅਸਲ ਵਿਚ ਉਹ ਬਰੈਖ਼ਤ, ਵਾਲਟਰ ਬੈਂਜਾਮਿਨ ਜਾਂ ਨਵ-ਮਾਰਕਸਵਾਦੀਆਂ ਵੱਲੋਂ ਵਿਕਸਤ ਕੀਤੇ ਦ੍ਰਿਸ਼ਟੀਕੋਣਾਂ ਨੂੰ ਵੀ ਕਈ ਵਾਰੀ ਸਮਝਣ ਦੇ ਆਹਰ ਵਿਚ ਲਗਦਾ ਹੈ । ਜੁਝਾਰ ਕਵੀਆਂ ਵਿਚ ਅਜਿਹੇ ਆਪਸੀ ਵਾਦ-ਵਿਵਾਦ ਪੈਦਾ ਹੋਣੇ ਸੰਭਵ ਹਨ, ਇਹ ਤਾਂ ਲੂਕਾਚ, ਬਰੈਖ਼ਤ ਅਤੇ ਹੋਰ ਮਾਰਕਸਵਾਦੀ ਸਾਹਿਤ-ਸ਼ਾਸਤਰੀਆਂ ਵਿਚ ਵੀ ਬੜੇ ਤਿੱਖੇ ਰੂਪ ਵਿਚ ਸਾਹਮਣੇ ਆਏ ਸਨ ।

ਜੁਝਾਰ ਕਵੀਆਂ ਦੀ ਸੂਚੀ ਤਿਆਰ ਕਰਨਾ ਇਥੇ ਸਾਡਾ ਪ੍ਰਯੋਜਨ ਨਹੀਂ, ਸਗੋਂ ਉਸ ਕਵਿਤਾ ਦੇ ਪਿਛੋਕੜ, ਪਰਿਪੇਖ ਤੇ ਪ੍ਰਾਪਤੀਆਂ ਵੱਲ ਸੰਕੇਤ ਕਰਨਾ ਹੀ ਮੰਤਵ ਹੈ । ਜੁਝਾਰ ਕਵਿਤਾ ਦੀ ਸਭ ਤੋਂ ਵੱਡੀ ਪ੍ਰਾਪਤੀ ਇਹ ਹੈ ਕਿ ਆਪਣੀਆਂ ਕੁਝ ਕਮਜ਼ੋਰੀਆਂ ਦੇ ਬਾਵਜੂਦ ਉਸ ਕਵਿਤਾ ਨੇ ਆਧੁਨਿਕਤਾਵਾਦੀ ਪ੍ਰਵਿਰਤੀ ਨੂੰ ਛਿੱਥਿਆ ਪਾ ਦਿੱਤਾ, ਕਿਉਂਕਿ ਉਸਦੀਆਂ ਜੜ੍ਹਾਂ ਸਾਡੇ ਸਮਾਜਕ-ਵਿਰੋਧਾਂ ਵਿਚ ਨਹੀਂ ਸਨ । ਜਿਸ ਬੁਰਜਵਾ ਅਸਥੈਟਿਕਸ ਦਾ ਨਾਹਰਾ ਆਧੁਨਿਕਤਾਵਾਦੀ ਕਵਿਤਾ ਬੁਲੰਦ ਕਰ ਰਹੀ ਸੀ, ਉਸ ਨੂੰ ਰੱਦ ਕਰ ਦਿੱਤਾ । ਨਕਸਲਵਾਦੀ ਲਹਿਰ ਦੇ ਖ਼ਤਮ ਹੋਣ ਨਾਲ ਸਿੱਧੇ ਤੌਰ ਤੇ ਉਸ ਸੰਘਰਸ਼ ਨੂੰ ਪ੍ਰਗਟਾਉਂਦੀ ਕਵਿਤਾ ਤਾਂ ਖ਼ਤਮ ਹੋ ਗਈ, ਪਰ ਨਵੀਂ ਪੰਜਾਬੀ ਕਵਿਤਾ ਵਿਚ ਇਕ ਵਿਸ਼ੇਸ਼ ਤਬਦੀਲੀ ਆਈ । ਉਹ ਕਵੀ ਜੋ ਉਸ ਕਵਿਤਾ ਦੇ ਨੇੜ ਤੇੜ ਵਿਚਰ ਰਹੇ ਸਨ ਤੇ ਜੋ ਕਵਿਤਾ ਦੀ ਸੁੰਦਰਤਾ, ਸ਼ੈਲੀ ਆਦਿ ਦੇ ਪ੍ਰਸ਼ਨਾਂ ਨਾਲ ਵੀ ਵਧੇਰੇ ਜੂਝ ਰਹੇ ਸਨ, ਉਨ੍ਹਾਂ ਨੇ

ਬਾਅਦ ਵਿਚ ਜੋ ਕਵਿਤਾ ਲਿਖੀ ਉਸ ਵਿਚ ਉਸ ਲੰਘੇ ਦੌਰ ਦੀ ਚੇਤਨਾ ਪ੍ਰੰਪਰਾ ਵਾਂਗ ਸਮਾ ਗਈ ਸੀ। ਸੁਰਜੀਤ ਪਾਤਰ, ਸ਼ਹਰਯਾਰ, ਮੋਹਨਜੀਤ,ਪ੍ਰਮਿੰਦਰਜੀਤ, ਫਤਹਜੀਤ, ਰਾਜਬੀਰ, ਜੋਗਾ ਸਿੰਘ, ਹਰਭਜਨ ਹਲਵਾਰਵੀ ਆਦਿ ਦੀਆਂ ਕਵਿਤਾਵਾਂ ਤੋਂ ਇਹ ਭਲੀ ਭਾਂਤ ਦੇਖਿਆ ਜਾ ਸਕਦਾ ਹੈ।

ਜੁਝਾਰ ਕਵਿਤਾ ਨੇ ਵਿਸ਼ੇਸ਼ ਵਿਅਕਤੀ, ਨਾਇਕ ਜਾਂ ਅਪ੍ਰਮਾਣਿਕ ਵਿਸ਼ੇਸ਼ ਵਿਅਕਤੀ ਦੀ ਥਾਂ ਸਾਧਾਰਨ ਜੂਝਦੇ ਮਨੁੱਖ ਦੀ ਗੱਲ ਕੀਤੀ, ਉਸਦੀ ਭਾਸ਼ਾ ਵਿਚ ਗੱਲ ਕੀਤੀ। ਕਵੀ ਅਤੇ ਉਸਦੀ ਭਾਸ਼ਾ ਵਿਚ ਦਵੈਤ ਨਾ ਰਹਿ ਗਿਆ। ਇਸ ਵਿਚੋਂ ਹੀ ਜਨਵਾਦੀ ਰੁਚੀ ਪਰਿਭਾਸ਼ਤ ਹੋਈ। ਜੋਗਾ ਸਿੰਘ ਦੇ ਲਿਖੇ ਰੇਖਾ-ਚਿਤਰ ਅਜਿਹੇ ਜਨਵਾਦੀ-ਕਾਵਿ ਦਾ ਹੀ ਨਮੂਨਾ ਹਨ। ਪਰ ਜੁਝਾਰੂ ਤੇ ਜਨਵਾਦੀ ਵਿਚ ਸਾਡੇ ਪ੍ਰਸੰਗ ਵਿਚ ਕੋਈ ਵੱਖਰਤਾ ਕਾਇਮ ਕਰਨੀ ਜਾਇਜ਼ ਨਹੀਂ।

ਕੀ ਜੁਝਾਰੂ ਜਾ ਨਵ-ਪ੍ਰਗਤੀਵਾਦੀ ਕਵਿਤਾ ਦਾ ਦੌਰ ਖਤਮ ਹੋ ਚੁੱਕਾ ਹੈ ? ਕੀ ਇਸਦਾ ਸਬੰਧ ਕੇਵਲ ਨਕਸਲਵਾਦੀ ਜਾਂ ਉਸ ਤੋਂ ਬਾਅਦ ਦੇ ਉਸ ਚੇਤਨਾ ਦੇ ਕਾਵਿ ਨਾਲ ਹੀ ਸੀ ? ਇਹ ਪ੍ਰਸ਼ਨ ਵੀ ਇਕ ਅਹਿਮ ਪ੍ਰਸ਼ਨ ਹੈ। ਕਿਉਂਕਿ ਜੁਝਾਰੂ ਕਵਿਤਾ ਦਾ ਵੀ ਇਕ ਦੌਰ ਪੰਜਾਬ ਦੇ ਮੌਜੂਦਾ ਸੰਕਟ ਤੋਂ ਪਹਿਲਾਂ ਦਾ ਹੈ ਤੇ ਦੂਜਾ ਦੌਰ ਬਾਅਦ ਦਾ ਹੈ—ਅਰਥਾਤ 'ਨੀਲਾ ਤਾਰਾ ਅਪਰੇਸ਼ਨ' ਤੋਂ ਪਹਿਲਾਂ ਦੀ ਕਵਿਤਾ ਤੇ 'ਨੀਲਾ ਤਾਰਾ ਅਪਰੇਸ਼ਨ' ਤੋਂ ਬਾਅਦ ਦੀ ਕਵਿਤਾ। ਇਹ ਪ੍ਰਸ਼ਨ ਬੜੀ-ਗੰਭੀਰਤਾ ਨਾਲ 'ਪਹੁੰਚੇ ਹਾਂ ਕਿਸ ਮੁਕਾਮ ਤੇ' ਨੇ ਪੈਦਾ ਕੀਤਾ। ਉਦਾਹਰਣ ਦੇ ਤੌਰ ਤੇ ਮੋਹਨਜੀਤ ਦੀ ਇਸ ਕਵਿਤਾ ਨੇ ਤਿੱਖੇ ਪ੍ਰਤਿਕਰਮ ਪੈਦਾ ਕੀਤੇ :—

ਓਏ ਲੋਅ ਵਾਲੇ ਸਮਤਾ ਵਾਲੇ ਮੇਰੇ ਬੇਲੀਓ
ਓਏ ਮੇਰੇ ਸ਼ਹਰਯਾਰੋ, ਰਾਜਬੀਰੋ, ਰਾਜ਼ਦਾਰੋ...
ਬੜਾ ਚਿਰ ਹੋ ਗਿਆ
ਹੋਰ ਕਿੰਨਾ ਹੋ ਚੁੱਕਾ ਹੋਵੇਗਾ ਮੇਰਾ ਸੁਨੇਹਾ ਮਿਲਣ ਤੀਕਰ
ਪਰ ਕੋਈ ਦਿਸਦਾ ਨਹੀਂ, ਦਸਦਾ ਨਹੀਂ
ਉਹ ਸ਼ਹਿਰ ਕਿੱਥੇ ਹੈ !

ਅਜਿਹੇ 'ਰੋਹ' ਤੇ ਤ੍ਰਾਸ' ਨੂੰ ਇਕ ਚੀਕ ਵਾਂਗ ਪੇਸ਼ ਕਰਦੀਆਂ ਬਹੁਤ ਸਾਰੀਆਂ ਕਵਿਤਾਵਾਂ ਲਿਖੀਆਂ ਗਈਆਂ ਹਨ। ਕੋਈ ਦੁਖਾਂਤ ਜਿੰਨਾ ਭਿਆਨਕ ਵਾਪਰਿਆ ਹੁੰਦਾ ਹੈ, ਪ੍ਰਗਤੀਵਾਦੀ ਜਾਂ ਜੁਝਾਰੂ ਕਵਿਤਾ ਉਸ ਦੁਖਾਂਤ ਦੇ ਦਰਦ ਨੂੰ ਓਨੀ ਹੀ ਸ਼ਿੱਦਤ ਨਾਲ, ਦੁੱਖ ਨਾਲ ਪੇਸ਼ ਕਰਦੀ ਹੈ, ਇਸ ਸਥਿਤੀ ਵਿਚ ਪੈਦਾ ਹੋਈ ਚੀਕ ਇਤਿਹਾਸ ਵਿਚ ਇਕ ਚਿਹਨ ਵਾਂਗ ਠਹਿਰ ਜਾਂਦੀ ਹੈ, ਭਵਿੱਖ ਵਿਚ ਪਾਠਕਾਂ ਨੂੰ ਕੁਰੇਦਦੀ ਰਹਿੰਦੀ ਹੈ। ਉਪ੍ਰੋਕਤ ਕਵਿਤਾ ਵਿਚ (ਜਾਂ ਕਈ ਹੋਰ ਕਵਿਤਾਵਾਂ ਵਿਚ) ਉਹ ਸਮਰੱਥਾ ਤਾਂ ਪੈਦਾ ਨਹੀਂ ਹੋਈ। ਇਹ ਸਮਰੱਥਾ 'ਖੂਨ ਕੇ ਸੋਹਿਲੇ ਗਾਵੀਅਹਿ' ਵਾਲੀ ਨਹੀਂ, ਪਰ ਇਸ ਵਿਚ ਜੋ ਰੋਹ ਹੈ, ਉਸ ਕੋਲ ਇਕ ਅਪਣਾ ਪਿਛੋਕੜ ਹੈ। ਉਸੇ ਨੇ ਇਸ ਕਵਿਤਾ ਨੂੰ ਇਸ ਦੇ ਯੋਗ ਬਣਾਇਆ ਕਿ ਇਸ ਕਵਿਤਾ ਦੇ ਹੋਰ ਸ਼ਾਇਰਾਂ ਵਿਚ ਪ੍ਰਤਿਕਰਮ ਪੈਦਾ ਹੋਏ। ਸੁਰਜੀਤ ਪਾਤਰ ਨੇ 'ਧੁਖਦਾ ਜੰਗਲ' ਅਤੇ ਪੰਜਾਬ ਬਾਰੇ ਕੁਝ ਹੋਰ ਕਵਿਤਾਂਵਾਂ ਲਿਖੀਆਂ। ਮੇਜਰ ਪਿਆਰਾ ਸਿੰਘ, ਹਰਭਜਨ ਸਿੰਘ ਹੁੰਦਲ, ਸੰਤੋਖ ਸਿੰਘ ਧੀਰ ਤੇ ਹੋਰ ਬਹੁਤ ਸਾਰੇ ਕਵੀਆਂ ਨੇ ਕਵਿਤਾਵਾਂ ਲਿਖਿਆਂ ਹਨ ਪਰ ਜੁਝਾਰ ਜਾਂ ਕ੍ਰਾਂਤੀਕਾਰੀ ਕਵਿਤਾ ਦੇ ਦ੍ਰਿਸ਼ਟੀਕੋਣ ਤੋਂ ਇਹ ਦੇਖਣਾ ਬਣਦਾ ਹੈ ਕਿ ਇਹ ਕਵਿਤਾਵਾਂ 'ਨੀਲਾ ਤਾਰਾ ਅਪਰੇਸ਼ਨ' ਤੋਂ ਬਾਅਦ ਨਿਰੇ ਉਪਭਾਵੁਕ-ਰੋਹ ਨੂੰ ਪੇਸ਼ ਕਰਦੀਆਂ ਹਨ, ਉਸ ਪਿਛੋਕੜ 'ਚੋਂ ਇਕ ਚੀਕ ਵਾਂਗ ਉਭਰਦੀਆਂ ਹਨ ਜਾਂ ਇਕ ਤਰਕ ਨੂੰ ਵਿਸ਼ਲੇਸ਼ਣੀ-ਦ੍ਰਿਸ਼ਟੀ ਨੂੰ ਉਘਾੜਦੀਆਂ ਹਨ, ਜਿਸ ਦਾ ਸਿੱਟਾ ਇਹ ਦੁਖਾਂਤ ਸੀ। ਅਜਿਹੀਆਂ ਕਵਿਤਾਵਾਂ ਵਿਚ ਇਸ ਦੀ ਪੂਰਤੀ ਹੁੰਦੀ ਹੈ :

1. ਇਕ ਦਿਨ ਅਖੀਰ ਇੰਝ ਹੋਣਾ ਸੀ
   ਜਿਸ ਗਲੀ ਵਿਚ ਵਿਚ ਘਿਰ ਗਏ ਸੀ ਆਪਾਂ
   ਉਹ ਆਖਰੀ ਸਿਰੇ ਤੋਂ ਬੰਦ ਸੀ।

(ਹਰਭਜਨ ਸਿੰਘ ਹੁੰਦਲ)

2. ਡੂੰਘੇ ਵੈਣਾਂ ਦਾ ਕੀ ਮਿਣਨਾ
   ਤਖ਼ਤ ਦੇ ਪਾਵੇ ਮਿਣੀਏ
   ਜਦ ਤੱਕ ਉਹ ਲਾਸ਼ਾਂ ਗਿਣਦੇ ਨੇ
   ਆਪਾਂ ਵੋਟਾਂ ਗਿਣੀਏ
   ਚੋਣ ਨਿਸ਼ਾਨ ਦਿਵਾ ਹੈ ਸਾਡਾ
   ਇਸ ਨੂੰ ਬੁਝਣ ਨਾ ਦੇਈਏ
   ਚੁੱਲ੍ਹਿਆਂ ਵਿਚੋਂ ਕੱਢ ਕੱਢ ਲੱਕੜਾਂ
   ਇਸਦੀ ਅੱਗ ਵਿਚ ਚਿਣੀਏ।

(ਸੁਰਜੀਤ ਪਾਤਰ)

ਪੰਜਾਬ ਬਾਰੇ ਉਹੀ ਕਵਿਤਾ ਕਾਵਿ-ਯੋਗਤਾ ਦੀ ਦ੍ਰਿਸ਼ਟੀ ਤੋਂ ਸਵੀਕਾਰਨ ਯੋਗ ਹੈ ਜੋ ਸਮੁੱਚੀ ਪ੍ਰਗਤੀਵਾਦੀ-ਪ੍ਰੰਪਰਾ ਦੀ ਚੇਤਨਾ ਨਾਲ ਉਸ ਧਰਵਾਹ ਵਿਚ ਪੈਦਾ ਹੋਈ ਹੈ। ਜੁਝਾਰੂ ਕਵਿਤਾ ਦਾ ਨਕਸਲਵਾਦੀ ਦੌਰ ਤੋਂ ਪਿੱਛੋਂ ਉਹ ਦੂਜਾ ਪੜਾਅ ਹੈ ਜਿਥੇ ਉਸ ਨੇ ਇਸ ਸੰਕਟ ਨੂੰ ਅਗਰਭੂਮਤ ਕਰਕੇ ਪੰਜਾਬੀ ਪਾਠਕ ਨੂੰ ਜਾਗਰਤ ਕਰਨ ਦੀ ਰਚਨਾ ਸਾਹਮਣੇ ਲਿਆਂਦੀ ਹੈ। ਜੁਝਾਰ ਕਵਿਤਾ ਦੀ ਜ਼ਿੰਮੇਵਾਰੀ ਇਸ ਦੌਰ ਵਿਚ ਹੋਰ ਵੀ ਵਧ ਜਾਂਦੀ ਹੈ, ਕਿਉਂਕਿ ਪੰਜਾਬ ਦਾ ਆਰਥਕ, ਸਮਾਜਕ ਸੰਕਟ ਗੰਭੀਰ ਹੈ, ਜਿਸਦਾ ਨੇੜਲੇ ਭਵਿੱਖ ਵਿਚ ਹੱਲ ਅਜੇ ਸੰਭਵ ਨਹੀਂ ਜਾਪਦਾ। ਇਸ ਸਥਿਤੀ ਨੇ ਸਾਹਿਤ ਵਿਚ ਲਗਾਤਾਰ

ਅੰਕਿਤ ਹੋਣਾ ਹੈ। ਸਮਾਜਕ-ਵਿਰੋਧਾਂ ਨੇ ਵਧਣਾ ਹੈ। ਅਸੀਂ 'ਥਰਲਡ-ਵਰਲਡ' ਦੇ ਵਾਸੀ ਹਾਂ, ਉਨ੍ਹਾਂ ਵਾਂਗ ਹੀ ਅਵਿਕਸਤ ਆਰਥਕਤਾ ਦੇ ਸ਼ਿਕਾਰ ਹਾਂ। ਸੰਘਰਸ਼ ਕਰ ਰਹੇ ਹਾਂ। ਸਾਡੀ ਸਭਿਆਚਾਰਕ ਵਿਲੱਖਣਤਾ ਨੂੰ ਖ਼ਤਮ ਕਰਨ ਵਾਲਿਆਂ ਅਤੇ ਫ਼ਿਰਕੂਆਂ ਦੋਹਾਂ ਦੇ ਖਿਲਾਫ਼ ਸਾਡਾ ਸੰਘਰਸ਼ ਹੈ। ਇਸ ਲਈ ਅਜਿਹੀ ਚੇਤਨਾ ਨਾਲ ਸੰਗਠਿਤ ਵਿਅਕਤੀਤਵ ਜੁਝਾਰੂ ਕਵੀ ਕੋਲ ਹੋਣਾ ਜ਼ਰੂਰੀ ਹੈ। ਸੰਗਠਿਤ ਵਿਅਕਤੀਤਵ ਤੋਂ ਮੇਰਾ ਭਾਵ ਉਸਦੀ ਕਾਵਿ-ਰਚਨਾ ਅਤੇ ਉਸਦੀ ਕਾਰਜਸ਼ੀਲਤਾ ਦੋਨਾਂ ਦੇ ਸੰਗਠਨ ਤੋਂ ਹੈ। ਜੁਝਾਰੂ ਕਵਿਤਾ ਦੀ ਪ੍ਰਤਿਬੱਧਤਾ ਨੂੰ ਵੀ ਇਉਂ ਹੀ ਪਰਿਭਾਸ਼ਤ ਕੀਤਾ ਜਾ ਸਕਦਾ ਹੈ। ਕੁਝ ਕਵੀਆਂ ਨੇ ਇਸ ਸੰਗਠਿਤ ਵਿਅਕਤਿਤਵ ਤੋਂ ਬਿਨਾਂ ਵੀ ਅਜਿਹੀਆਂ ਕਵਿਤਾਵਾਂ ਲਿਖੀਆਂ ਹਨ, ਜਿਨ੍ਹਾਂ ਵਿਚ ਉਨ੍ਹਾਂ ਭਾਵਾਂ, ਦ੍ਰਿਸ਼ਟੀ ਨੂੰ ਪ੍ਰਗਟ ਕੀਤਾ ਗਿਆ ਹੈ, ਅਜਿਹੀ ਕਵਿਤਾ ਨੂੰ ਕੇਵਲ ਪ੍ਰਗੀਤੀਸ਼ੀਲ ਆਖਿਆ ਜਾ ਸਕਦਾ ਹੈ, ਪ੍ਰਗਤੀਵਾਦੀ ਜਾਂ ਜੁਝਾਰੂ ਨਹੀਂ, ਜਿਸਦੀ ਚੇਤਨਾ ਵਿਚ ਮਾਰਕਸਵਾਦੀ-ਦ੍ਰਿਸ਼ਟੀ ਅਵੱਸ਼ ਸਮਾਈ ਹੋਈ ਹੈ ਤੇ ਅਜਿਹੀ ਜੁਝਾਰੂ ਕਵਿਤਾ ਸਮੁੱਚੀ ਪ੍ਰਗਤੀਵਾਦੀ-ਪ੍ਰੰਪਰਾ ਨੂੰ ਇਕ ਪਰਵਾਹ ਵਾਂਗ ਪਛਾਣਦੀ ਹੈ।

੦

---

## ਹਮਕਲਮ ਦੋਸਤਾਂ ਨੂੰ ਦਸ ਸਲਾਹਾਂ

**ਅਮਰਜੀਤ ਚੰਦਨ**

ਪੰਜਾਬ ਲੋਕ ਸਭਿਆਚਾਰ ਮੰਚ ਦੇ ਸਾਲਾਨਾ ਸਮਾਗਮ (1985) ਵਾਸਤੇ ਸਹੀ ਕਵਿਤਾ ਦੀ ਪਛਾਣ ਹਿਤ ਮੈਂ ਹਮਕਲਮ ਦੋਸਤਾਂ ਨੂੰ ਦਸ ਸਲਾਹਾਂ ਭੇਜ ਰਿਹਾ ਹਾਂ। ਇਹ ਸਿਰਫ਼ ਸਲਾਹਾਂ ਹਨ, ਹਦਾਇਤਾਂ ਨਹੀਂ। ਮੈਂ ਆਪਣੇ ਵਰ੍ਹਿਆਂ ਦੇ ਕਾਵਿਕ ਅਮਲ ਤੇ ਅੰਤਰਰਾਸ਼ਟਰੀ ਕਵਿਤਾ ਦੇ ਅਭਿਆਸ ਸਦਕਾ ਹੀ ਇਹ ਲਿਖ ਸਕਿਆ ਹਾਂ।

1. ਅਜ਼ਾਨੀਆ (ਸਾਊਥ ਅਫ਼ਰੀਕਾ) ਦੇ ਕਿਸੇ ਕਵੀ ਦਾ ਮਿਸਰਾ ਹੈ: ਹਰ ਇਨਸਾਨ ਸ਼ਾਇਰ ਹੁੰਦਾ ਹੈ। ਹਰ ਸ਼ਾਇਰ ਇਨਸਾਨ ਹੁੰਦਾ ਹੈ। ਕਵੀ ਲਈ—ਖ਼ਾਸਕਰ ਇਨਸਾਨੀ ਬਿਹਤਰੀ ਦੇ ਹਮਾਇਤੀ ਕਵੀ ਲਈ—ਕੋਈ ਵੀ ਵਿਸ਼ਾ ਵਰਜਿਤ ਨਹੀਂ ਹੋਣਾ ਚਾਹੀਦਾ। ਜ਼ਿੰਦਗੀ ਕੋਈ ਫ਼ਾਰਮੂਲਾ ਨਹੀਂ। ਅੰਗਰੇਜ਼ੀ ਮੁਹਾਵਰੇ 'ਚ ਜਿਵੇਂ ਆਖੀਦਾ ਹੈ: ਸੂਰਜ ਹੇਠਾਂ ਜੋ ਕੁਝ ਵੀ ਹੈ, ਉਹਦੇ ਬਾਰੇ ਈਮਾਨਦਾਰੀ ਨਾਲ ਲਿਖੋ। ਨੁਕਸ ਕਿਸੇ ਚੀਜ਼ ਵਿਚ ਨਹੀਂ, ਕਵੀ ਦੀ ਦ੍ਰਿਸ਼ਟੀ 'ਚ ਹੋ ਸਕਦਾ ਹੈ। ਸੈਲਵਾਦੋਰ ਦੇ ਕਵੀ ਰੋਕ ਦਾਲਤੋਂ ਨੇ ਕਿਹਾ ਸੀ: **All that fits into life fits into poetry.**

2. ਆਪਣੇ ਵਿਰਸੇ ਨੂੰ ਜਾਣੋ। ਲੋਕਧਾਰਾ, ਗੁਰਬਾਣੀ, ਸੂਫ਼ੀ ਸ਼ਾਇਰੀ ਸਾਡਾ ਅਮੀਰ ਵਿਰਸਾ ਹੈ। ਲੈਨਿਨ ਨੇ ਕਿਹਾ ਸੀ: ਵਿਰਸੇ 'ਚ ਜੋ ਵੀ ਚੰਗਾ ਹੈ, ਸਾਡਾ ਹੈ। ਸੂਫ਼ੀ ਸ਼ਾਇਰੀ ਮਜ਼ਹਬੀ ਜਨੂਨ ਖ਼ਿਲਾਫ਼ ਬਗ਼ਾਵਤ ਦੀ ਸ਼ਾਇਰੀ ਹੈ। ਸੋਚਣ ਵਾਲੀ ਗੱਲ ਹੈ ਕਿ ਸਾਡੀ ਅਜੋਕੀ ਕਵਿਤਾ ਸੂਫ਼ੀ ਕਵਿਤਾ ਵਾਂਙ ਸਾਹਿਤਕ ਤੇ ਜਨਤਕ ਮਿਆਰਾਂ 'ਤੇ ਪੂਰੀ ਕਿਉਂ ਨਹੀਂ ਉਤਰਦੀ। ਯਾਦ ਰੱਖੋ, ਪੰਜਾਬੀ ਕੌਮ ਦਾ ਇਤਿਹਾਸ ਨਿਰਾ ਸਿੱਖ ਇਤਿਹਾਸ ਹੀ ਨਹੀਂ ਹੈ। ਤੇ ਇਕ ਪੰਜਾਬ ਵਾਘੇ ਦੇ ਪਾਰ ਵੀ ਹੈ।

3. ਪਾਬਲੋ ਨੇਰੂਦਾ ਨੇ ਨਵੇਂ ਕਵੀਆਂ ਨੂੰ ਸਲਾਹ ਦਿੱਤੀ ਸੀ ਕਿ ਉਨ੍ਹਾਂ ਨੂੰ ਆਪਣਾ ਰਾਹ ਆਪ ਬਣਾਉਣਾ ਚਾਹੀਦਾ ਹੈ। ਉਹ ਸਿਆਸੀ ਕਵਿਤਾ ਤੋਂ ਸ਼ੁਰੂਆਤ ਨਾ ਕਰਨ, ਕਿਉਂਕਿ ਇਹ ਬਹੁਤ ਜਜ਼ਬਾਤੀ ਵਿਸ਼ਾ ਹੈ। ਸਿਆਸੀ ਕਵੀ ਬਣਨ ਤੋਂ ਪਹਿਲਾਂ ਕਵੀਆਂ ਨੂੰ ਹੋਰ ਕਈ ਵਿਸ਼ਿਆਂ 'ਤੇ ਹੱਥ ਅਜ਼ਮਾਉਣਾ ਚਾਹੀਦਾ ਹੈ।

ਸਾਡੀ ਵਧੇਰੇ ਕਵਿਤਾ ਨਾਅਰਾ ਨਹੀਂ ਬਣ ਸਕੀ। ਆਮ ਧਾਰਨਾ ਗ਼ਲਤ ਹੈ ਕਿ ਨਾਅਰਾ ਘਟੀਆ ਜਾਂ ਸਿੱਧੜ ਹੁੰਦਾ ਹੈ।ਨਾਅਰੇ ਵਾਸਤੇ ਅਦਭੁਤ ਕਿਸਮ ਦੀ ਨਿਸ਼ਚਿਤਤਾ, ਠੋਸਪਨ ਤੇ ਸਰਲਤਾ ਦਰਕਾਰ ਹੁੰਦੀ ਹੈ।ਨਾਅਰਾ ਕੋਈ ਖੋਟ ਸਹਾਰ ਹੀ ਨਹੀਂ ਸਕਦਾ। ਨਾਅਰਾ ਸਮੂਹ ਸੰਵੇਦਨਾ ਦਾ ਕਸ਼ੀਦ ਕੀਤਾ ਸਤ ਹੁੰਦਾ ਹੈ। ਆਪਣੀ ਕਵਿਤਾ ਨੂੰ ਇਜੇਹਾ ਨਾਅਰਾ ਬਣਨ ਦਿਓ।

ਪਰ ਅੱਜ ਪੰਜਾਬੀ ਕਵਿਤਾ ਦੀ ਹਾਲਤ ਇਹ ਹੈ ਕਿ ਹਰ ਕੋਈ ਸਿਆਸੀ ਕਵਿਤਾ ਤੋਂ ਸ਼ੁਰੂਆਤ ਕਰਦਾ ਹੈ। ਕਿਸੇ ਅਮੂਰਤ ਦੁਸ਼ਮਣ ਨੂੰ ਮੁਖ਼ਾਤਿਬ ਹੋ ਕੇ ਪੈਗ਼ੰਬਰੀ ਅੰਦਾਜ਼ ਵਿਚ ਕਵਿਤਾਵਾਂ ਲਿਖਦਾ ਹੈ ਜੋ ਉਸ ਅਮੂਰਤ ਦੁਸ਼ਮਣ ਨੇ ਤਾਂ ਕਦੇ ਪੜ੍ਹਨੀਆਂ ਹੀ ਨਹੀਂ ਹੁੰਦੀਆਂ। ਗਾਲ੍ਹਾਂ ਮੁੜ ਕਵੀਆਂ ਨੂੰ ਲਗਦੀਆਂ ਹਨ।

ਜ਼ਾਤੀ ਕਿੜਾਂ ਕੱਢਣ ਲਈ, ਮਿਹਣੇਬਾਜ਼ੀ ਕਰਨ ਲਈ 'ਕਵਿਤਾ' ਦਾ ਸਹਾਰਾ ਨਾ ਲਓ। ਇਹ ਕੰਮ ਵਾਰਤਕ ਤੋਂ ਲਓ ਜਾਂ ਡਾਕਤਾਰ ਵਿਭਾਗ ਤੋਂ।

4. ਅਰੂਜ਼-ਪਿੰਗਲ ਦਾ ਇਲਮ ਜ਼ਰੂਰੀ ਹੈ। ਨਹੀਂ ਤਾਂ ਸਾਡੀ ਹੁਣ ਵਾਲੀ ਹਾਲਤ ਹੋਰ ਬਦਤਰ ਹੁੰਦੀ ਜਾਏਗੀ। ਛੰਦ-ਗਿਆਨੀ ਅਛੰਦ ਜਾਂ ਆਜ਼ਾਦ ਕਵਿਤਾ ਵੀ ਪੂਰੀ ਮੁਹਾਰਤ ਨਾਲ ਲਿਖੇਗਾ। ਗ਼ਜ਼ਲ ਘੱਟੋ ਘਟ ਦਸ ਸਾਲਾਂ ਵਾਸਤੇ ਤਾਕ 'ਤੇ ਰੱਖ ਦੇਣੀ ਚਾਹੀਦੀ ਹੈ।

5. ਦੁਨੀਆਂ ਭਰ ਵਿਚ ਖ਼ਾਸਕਰ ਤੀਜੀ ਦੁਨੀਆਂ ਵਿਚ ਲਾਮਿਸਾਲ ਕਵਿਤਾ ਰਚੀ ਜਾ ਰਹੀ ਹੈ, ਵੀਅਤ-

ਨਾਮ ਤੋਂ ਲੈ ਕੇ ਲਾਤੀਨੀ ਅਮਰੀਕਾ ਤਕ ਮਨੁੱਖੀ ਇਤਿਹਾਸ ਵਿਚ ਅਸਲੋਂ ਨਵਾਂ ਬਾਬ ਲਿਖਿਆ ਜਾ ਰਿਹਾ ਹੈ। ਨਾਜ਼ਮ ਹਿਕਮਤ, ਬਰਤੋਲਤ ਬਰੈਖ਼ਤ, ਪਾਬਲੋ ਨੇਰੂਦਾ, ਮਾਰਟਿਨ ਕਾਰਟਰ ਤੇ ਅਰਨੈਸਤੋ ਕਾਰਦੇਨਾਲ ਦੀਆਂ ਕਵਿਤਾਵਾਂ ਪੜ੍ਹੋ। ਭਾਰਤੀ ਤੇ ਵਿਦੇਸ਼ੀ ਸਾਹਿਤ ਨਾਲ ਪਿਆਰ ਕਰੋ। ਸੰਸਾਰ ਇਨਕਲਾਬੀ ਸਿਆਸਤਦਾਨਾਂ ਨੂੰ ਆਖੋ ਕਿ ਉਹ ਦੁਨੀਆਂ ਦਾ ਸਿਰਜਣਾਤਮਕ ਸਾਹਿਤ ਵੀ ਪੜ੍ਹਨ।

6. ਲਫ਼ਜ਼ਾਂ ਨਾਲ ਨਾ ਖੇਡੋ। ਲਫ਼ਜ਼ਾਂ ਦੀ ਚਾਲਾਕੀ ਨਾਲ ਜਿਥੇ ਆਪਣੇ ਆਪ ਨਾਲ ਧੋਖਾ ਹੁੰਦਾ ਹੈ, ਓਥੇ ਲਫ਼ਜ਼ ਦੀ ਵੀ ਤੌਹੀਨ ਹੁੰਦੀ ਹੈ ਤੇ ਪੜ੍ਹਨ-ਸੁਣਨ ਵਾਲੇ ਦੀ ਵੀ। ਸਾਡੇ ਕੋਲ ਬਹੁਤ ਥੋਹੜੇ ਲਫ਼ਜ਼ ਹਨ। ਇਨ੍ਹਾਂ ਨੂੰ ਅਜਾਈਂ ਨਾ ਜਾਣ ਦਿਓ। ਲਫ਼ਜ਼ ਸਾਡੇ ਹਥਿਆਰ ਹਨ।

7, ਜ਼ੁਲਮਤ ਤੇ ਇਹਦੇ ਖ਼ਿਲਾਫ਼ ਜੱਦੋ-ਜਹਦ ਦਾ ਬਿੰਬ-ਵਿਧਾਨ ਪੁਰਾਣਾ ਹੋ ਚੁੱਕਾ ਹੈ। ਸਾਨੂੰ ਨਵੀਂ ਬਿੰਬਾਵਲੀ, ਨਵੀਆਂ ਤਸ਼ਬੀਹਾਂ ਦੀ ਲੋੜ ਹੈ। ਸਭ ਕੁਝ ਇਕ ਸਿਰਿਓਂ ਨਵਾਂ ਸਿਰਜੋ।

8. ਅਹਸਾਸ ਨਾਲ ਸੋਚੋ। ਆਪਣੇ-ਆਪ ਨੂੰ ਕਦੇ ਦੁਹਰਾਓ ਨਾ। ਹਰ ਰਚਨਾ ਨਿਵੇਕਲੀ ਬਣਾਓ।

9. ਜ਼ਿੰਦਗੀ ਨੂੰ ਪਿਆਰ ਕਰੋ, ਮੌਤ ਨੂੰ ਨਹੀਂ। ਸਾਡਾ ਪੁਨਰਜਨਮ ਵਿਚ ਯਕੀਨ ਨਹੀਂ। ਇਹਦਾ ਇਜ਼ਹਾਰ ਕਵਿਤਾ ਵਿਚ ਵੀ ਕਰੋ। ਸ਼ਹਾਦਤ ਦੇ ਧਾਰਮਿਕ ਵਰਤਾਰੇ ਬਾਰੇ ਪੁਨਰ-ਵਿਚਾਰ ਕਰੋ।

10. ਭਗਤ ਸਿੰਘ ਨੇ ਕਿਹਾ ਸੀ : ਇਨਕਲਾਬ ਦੀ ਤਲਵਾਰ ਵਿਚਾਰਾਂ ਦੀ ਸਾਣ 'ਤੇ ਤਿੱਖੀ ਹੁੰਦੀ ਹੈ। ਨਾਨਕ ਦੇਵ ਨੇ ਕਿਹਾ ਸੀ : ਜਬ ਲਗ ਦੁਨੀਆਂ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ। ਇਸ ਰਵਾਇਤ ਦੀ ਜੋਤ ਜਗਦੀ ਰਖੋ।

ㅇㅇ

---

**ਪੰਜਾਬੀ ਦੇ ਮੋਹ** ਵਿਚ ਬਹੁਤ ਵਾਰੀ ਅਸੀਂ ਆਪਣੇ ਬੱਚਿਆਂ ਦੀ ਹਿੰਦੀ ਅਤੇ ਅੰਗਰੇਜ਼ੀ ਦੀ ਪੜ੍ਹਾਈ ਨੂੰ ਨਜ਼ਰ-ਅੰਦਾਜ਼ ਕਰਦੇ ਹਾ। ਬੱਚੇ ਸਾਡੇ ਚਾਰ ਜਮਾਤਾਂ ਵੀ ਪੰਜਾਬੀ ਪੜ੍ਹ ਲੈਣ ਤਾਂ ਉਹਨਾਂ ਦੀ ਸ਼ਖਸੀਅਤ ਦੇ ਵਿਕਾਸ ਵਿਚ ਫ਼ਰਕ ਨਹੀਂ ਪਾਏਗੀ। ਸਾਡੀ ਪੀੜ੍ਹੀ ਦੇ ਬਹੁਤੇ ਲੋਕ ਇਕ ਇਕ ਜਮਾਤ ਹੀ ਪੰਜਾਬੀ ਦੇ ਪੜ੍ਹੇ ਹਨ। ਆਪਣੀ ਮਾਂ ਬੋਲੀ ਹੋਣ ਕਰਕੇ ਇਹਦੀ ਗਰਾਮਰ ਆਪਣੇ ਆਪ ਸਮਝ ਆ ਜਾਂਦੀ ਹੈ। ਇਸ ਵੇਲੇ ਭਾਰਤ ਦੇ ਸਾਰੇ ਪ੍ਰਾਂਤਾਂ ਦਾ ਵਧੀਆ ਸਾਹਿਤ ਹਿੰਦੀ ਵਿਚ ਅਤੇ ਵਿਸ਼ਵ ਦਾ ਵਧੀਆ ਸਾਹਿਤ ਅੰਗਰੇਜ਼ੀ ਵਿਚ ਮਿਲਦਾ ਹੈ। ਇਹਨਾਂ ਜ਼ਬਾਨਾਂ ਦੀ ਠੀਕ ਜਾਣਕਾਰੀ ਇਕ ਵਧੀਆ ਪ੍ਰਾਪਤੀ ਹੈ। ਪੱਛੜੇਪਣ ਵਿਰੁੱਧ ਸੰਘਰਸ਼ ਵਾਸਤੇ ਇਹ ਵੀ ਲਾਹੇਵੰਦ ਹੈ। ਅਸੀਂ ਚਾਹੁੰਦੇ ਹਾਂ ਕਿ ਸਾਡਾ ਸਾਰਾ ਸਰਕਾਰੀ ਵਰਤਾਰਾ ਸਾਡੀ ਮਾਂ ਬੋਲੀ ਪੰਜਾਬੀ ਵਿਚ ਹੋਵੇ, ਪਰ ਇਹ ਚਾਹੁੰਦਿਆਂ ਸਾਡੀ ਮਾਨਸਿਕਤਾ ਹਿੰਦੀ ਜਾਂ ਅੰਗਰੇਜ਼ੀ ਵਿਰੁੱਧ ਨਹੀਂ ਹੋਣੀ ਚਾਹੀਦੀ। ਹਿੰਦੀ ਜਾਂ ਅੰਗਰੇਜ਼ੀ ਜ਼ਬਾਨਾਂ ਸਿਰਫ਼ ਹਿੰਦੀ ਜਾਂ ਅੰਗਰੇਜ਼ੀ ਸਾਮਰਾਜਾਂ ਦੇ ਚਿੰਨ੍ਹ ਨਹੀਂ ਹਨ, ਸਗੋਂ ਚੰਗੇ ਲੇਖਕਾਂ ਤੇ ਵਿਗਿਆਨੀਆਂ ਦੇ ਸੰਚਾਰ ਮਾਧਿਅਮ ਵੀ ਹਨ, ਜਿਨ੍ਹਾਂ ਤਕ ਪਹੁੰਚ ਸਾਨੂੰ ਸਭਿਆਚਾਰਕ ਅਮੀਰੀ ਦੇਵੇਗੀ।

× × × × × ×

**ਰੇਸ਼ਨਿਲਸਟ ਸੋਸਾਇਟੀ ਪੰਜਾਬ** ਨੇ ਬੜਾ ਹੀ ਵਧੀਆ ਬੀੜਾ ਚੁੱਕਿਆ ਹੈ ਕਿ ਲੋਕਾਂ ਨੂੰ ਵਹਿਮਾਂ ਭਰਮਾਂ ਤੋਂ ਉਤੇ ਚੁੱਕ ਕੇ ਇਕ ਵਿਗਿਆਨਿਕ ਜੀਵਨ ਜਾਚ ਸਿਖਾਈ ਜਾਏ। ਪਖੰਡੀ ਸਾਧਾਂ, ਬਾਬਿਆਂ, ਨੀਮ ਹਕੀਮਾਂ ਦੀਆਂ ਕਰਤੂਤਾਂ ਨੂੰ ਨੰਗਿਆਂ ਕਰਨਾ ਬੜਾ ਜ਼ਰੂਰੀ ਹੈ। ਮੇਰੇ ਵਿਚਾਰ ਵਿਚ ਬੇਦਲੀਲ ਜੀਵਨ ਵਰਤਾਰੇ ਵਿਚ ਸਾਰਿਆਂ ਨਾਲੋਂ ਵੱਡਾ ਹਿੱਸਾ ਧਰਮ ਦਾ ਵਰਤਾਰਾ ਹੈ। ਇਸ ਵਰਤਾਰੇ ਵਿਚ ਗੁਰਦੁਆਰਿਆਂ ਤੋਂ ਧੁਤੂ ਲਗਾ ਕੇ ਸਵੇਰੇ ਪਾਠ ਦਾ ਕੀਤੇ ਜਾਣਾ ਤੇ ਜਗਰਾਤੇ ਦੇ ਕੀਰਤਨ ਸ਼ਾਮਿਲ ਹਨ। ਕਿਸੇ ਨੂੰ ਕੁਝ ਸਮਝ ਨਹੀਂ ਆਉਂਦੀ ਕਿ ਜੋ ਕੁਝ ਤੁਹਾਡੇ ਕੰਨਾਂ ਵਿਚ ਪੈ ਰਿਹਾ ਹੈ, ਉਸਦਾ ਮਤਲਬ ਕੀ ਹੈ ? ਇਕ ਡਾਕਟਰੀ ਸਰਵੇ ਮੁਤਾਬਿਕ ਮਨੁੱਖ ਨੂੰ ਰੋਗੀ ਬਨਾਉਣ ਵਿਚ ਖੱਪ ਰੌਲੇ ਅਤੇ ਸ਼ੋਰ ਦਾ ਵੱਡਾ ਹਿੱਸਾ ਹੈ। ਅਸੀਂ ਸ਼ਰਧਾ ਦੇ ਥੱਲੇ ਆਪਣੇ ਵਾਤਾਵਰਨ ਵਿਚ ਬਿਮਾਰੀ ਦੇ ਕਾਰਨਾਂ ਨੂੰ ਜਾਰੀ ਰੱਖ ਰਹੇ ਹਾਂ, ਸਾਨੂੰ ਇਹਦੇ ਬਾਰੇ ਲੋਕਾਂ ਨੂੰ ਚੇਤਨ ਕਰਨਾ ਚਾਹੀਦਾ ਹੈ। /

ਗ.ਸ.

Registered with the Registrar, News Papers, Vide No. MA/12397-D dated 14.8.80
Post Office No. P/AR—133

## ਪ੍ਰਗਤੀਵਾਦੀ ਫਿਲਮ ਨਿਰਮਾਤਾ ਸੋਸਾਇਟੀ, ਪੰਜਾਬ ਦੀ ਸਥਾਪਨਾ

ਬੜੇ ਚਿਰਾਂ ਤੋਂ ਇਹ ਗੱਲ ਸ਼ਿੱਦਤ ਨਾਲ ਮਹਿਸੂਸ ਹੋ ਰਹੀ ਸੀ ਕਿ ਚੰਗੀਆਂ ਪੰਜਾਬੀ ਫਿਲਮਾਂ ਬਣਨ, ਜਿਨ੍ਹਾਂ ਦਾ ਮਕਸਦ ਸਿਰਫ ਪੈਸਾ ਕਮਾਉਣਾ ਹੀ ਨਾ ਹੋਵੇ, ਸਗੋਂ ਪੰਜਾਬੀ ਸਭਿਆਚਾਰ ਨੂੰ ਸਹੀ ਰੰਗ ਵਿਚ ਪੇਸ਼ ਕਰਨਾ ਹੋਵੇ। ਮੈਂ ਜਦੋਂ ਬਾਹਰ ਦੇ ਦੇਸ਼ਾਂ ਦੇ ਦੌਰੇ ਤੇ ਗਿਆ ਤਾਂ ਬਹੁਤ ਸਾਰੇ ਲੋਕਾਂ ਨੇ ਗਿਲੇ ਵਜੋਂ ਆਪਣੀ ਇਹ ਇੱਛਾ ਦੱਸੀ। ਇਹ ਮਾਧਿਅਮ ਇਕ ਸ਼ਕਤੀਸ਼ਾਲੀ ਮਾਧਿਅਮ ਹੈ ਤੇ ਅਸੀਂ ਜਿਹੜੇ ਜ਼ਿੰਦਗੀ ਦੇ ਰੌ ਨੂੰ ਬਦਲਣ ਲਈ ਵਚਨਬੱਧ ਹਾਂ, ਅਸੀਂ ਇਸਨੂੰ ਨਜ਼ਰ-ਅੰਦਾਜ਼ ਨਹੀਂ ਕਰ ਸਕਦੇ। ਐਪਰ ਇਸ ਮਾਧਿਅਮ ਵਿਚ ਪੈਸੇ ਦੀ ਬਹੁਤ ਲੋੜ ਹੈ। ਕੋਈ ਇਕੱਲੇ ਦੁਕੱਲੇ ਦਾ ਇਹ ਕੰਮ ਨਹੀਂ। ਮੈਂ ਕੁਝ ਸਾਲਾਂ ਤੋਂ ਫਿਲਮ ਬਨਾਉਣ ਦੇ ਸਾਰੇ ਅਮਲ ਦਾ ਬੜੀ ਡੂੰਘੀ ਤਰ੍ਹਾਂ ਅਧਿਅਨ ਕੀਤਾ ਹੈ। ਮੈਂ ਇਸ ਨਤੀਜੇ ਤੇ ਪੁੱਜਿਆ ਹਾਂ ਕਿ ਸਾਂਝੀ ਕੋਸ਼ਿਸ਼ ਨਾਲ ਪੰਜਾਬੀ ਫਿਲਮਾਂ ਨੂੰ ਇਕ ਨਵੀਂ ਦਿਸ਼ਾ ਦਿੱਤੀ ਜਾ ਸਕਦੀ ਹੈ। ਇਹ ਕੋਈ ਮੁਸ਼ਕਿਲ ਕੰਮ ਨਹੀਂ। ਸਿਹਤਮੰਦ ਸਭਿਆਚਾਰ ਦਾ ਪਸਾਰਾ ਵੀ ਹੋ ਸਕਦਾ ਹੈ ਤੇ ਨਾਲ ਹੀ ਵਪਾਰਕ ਦ੍ਰਿਸ਼ਟੀ ਨਾਲ ਵੀ ਇਕ ਸਫਲ ਫਿਲਮ ਬਣਾਈ ਜਾ ਸਕਦੀ ਹੈ।

ਆਪਣੇ ਲੰਮੇ ਪ੍ਰਬੰਧਕੀ ਤੇ ਲੋਕ ਸੰਚਾਰ ਦੇ ਤਜਰਬੇ ਤੇ ਵਿਸ਼ਵਾਸ ਦੇ ਆਧਾਰ ਤੇ ਮੈਂ ਆਪਣੇ ਕੁਝ ਸਾਥੀਆਂ ਨਾਲ ਮਿਲਕੇ ਇਹ ਜ਼ਿੰਮੇਵਾਰੀ ਲੈਣ ਦਾ ਫੈਸਲਾ ਕੀਤਾ ਹੈ ਤੇ ਅਸੀਂ ਪ੍ਰਗਤੀਵਾਦੀ ਫਿਲਮ ਨਿਰਮਾਤਾ ਸੋਸਾਇਟੀ (Progressive Film Makers Society, Punjab) ਦੀ ਸਥਾਪਨਾ ਕੀਤੀ ਹੈ। ਇਸ ਸੋਸਾਇਟੀ ਦੀ ਮੈਂਬਰਸ਼ਿਪ ਫ਼ੀਸ 10,000/- ਰੁ: ਰੱਖੀ ਹੈ। ਇਹ ਇਕ ਕਿਸਮ ਦਾ ਇਸ ਸੋਸਾਇਟੀ ਦਾ ਇਕ ਹਿੱਸਾ (Share) ਹੋਵੇਗਾ। ਟੀਚਾ 50 ਮੈਂਬਰ ਬਨਾਉਣ ਦਾ ਹੈ। ਮੈਂਬਰ ਇਕ ਤੋਂ ਵੱਧ ਹਿੱਸਾ ਵੀ ਲੈ ਸਕਣਗੇ। ਇਸ ਤਰ੍ਹਾਂ ਪਰਵਾਰ ਦੇ ਵੱਖ-ਵੱਖ ਮੈਂਬਰ ਵੀ ਇਕ ਜਾਂ ਇਕ ਤੋਂ ਵੱਧ ਹਿੱਸਾ ਲੈ ਸਕਣਗੇ।

ਇਸ ਸੋਸਾਇਟੀ ਵੱਲੋਂ ਦੋ ਪ੍ਰਾਜੈਕਟ ਉਲੀਕੇ ਗਏ ਹਨ। ਪਹਿਲਾ ਪ੍ਰਾਜੈਕਟ ਸਾਗਰ ਸਰਹੱਦੀ ਵਲੋਂ ਬਣਾਈ ਜਾ ਰਹੀ ਪੰਜਾਬੀ ਫਿਲਮ ਵਿਚ ਇਕ ਹਿੱਸੇਦਾਰ ਬਨਣਾ ਹੈ। ਸਾਗਰ ਸਰਹੱਦੀ ਪ੍ਰਸਿੱਧ ਫਿਲਮ 'ਬਾਜ਼ਾਰ' ਦੇ ਨਿਰਮਾਤਾ ਹਨ। 'ਕਭੀ ਕਭੀ' ਫਿਲਮ ਦੇ ਸੰਵਾਦ ਵੀ ਉਹਨਾਂ ਦੀ ਕਲਮ 'ਤੋਂ' ਹਨ। ਉਹਨਾਂ ਕੋਲ ਫਿਲਮ ਲਾਈਨ ਦਾ ਲੰਮਾ ਤਜਰਬਾ ਹੈ। ਉਹਨਾਂ ਵੱਲੋਂ ਬਣਾਈ ਜਾ ਰਹੀ ਫਿਲਮ ਦੀ ਪਲੈਨਿੰਗ ਮੁਕੰਮਲ ਹੋ ਚੁੱਕੀ ਹੈ ਅਤੇ 15 ਫਰਵਰੀ ਤੋਂ ਲੈ ਕੇ 31 ਮਾਰਚ ਤਕ ਇਸ ਦੀ ਸ਼ੂਟਿੰਗ ਗਿਦੜਬਾਹਾ ਦੇ ਆਸਪਾਸ ਦੇ ਇਲਾਕੇ ਵਿਚ ਹੋ ਰਹੀ ਹੈ। ਇਹ ਫਿਲਮ ਮੁਕੰਮਲ ਤੌਰ ਤੇ ਸਾਗਰ ਸਰਹੱਦੀ ਦੀ ਫਿਲਮ ਹੋਵੇਗੀ। ਸਾਡੀ ਸੰਸਥਾ ਦੀ ਤਕਨੀਕੀ ਤੌਰ ਤੇ ਇਸ ਵਿਚ ਕੋਈ ਦਖ਼ਲਅੰਦਾਜ਼ੀ ਨਹੀਂ ਹੋਵੇਗੀ। ਪਰ ਖਰਚ ਵਿਚ ਤੇ ਬਾਅਦ ਦੇ ਘਾਟੇ ਵਾਧੇ ਵਿਚ ਸਾਡਾ ਹਿੱਸਾ ਹੋਵੇਗਾ। ਅਗਲੀ ਫਿਲਮ 31 ਦਸੰਬਰ ਤਕ ਮੁਕੰਮਲ ਕੀਤੀ ਜਾਏਗੀ। ਉਹ ਸਾਡੀ ਫਿਲਮ ਹੋਵੇਗੀ ਤੇ ਸਾਡੇ ਹੀ ਨਾਮ (Banner) ਥੱਲੇ ਹੋਵੇਗੀ। ਉਹਦੀ ਕਹਾਣੀ, ਸੰਵਾਦ ਆਦਿਕ ਸਾਡੀ ਚੋਣ ਦੇ ਹੋਣਗੇ। ਸਾਗਰ ਸਰਹੱਦੀ ਇਸਨੂੰ ਸਾਡੇ ਲਈ ਬਨਾਉਣਗੇ। ਉਹ ਉਸ ਵਿਚ ਮਾਇਕ ਤੌਰ ਤੇ ਆਪਣਾ ਹਿੱਸਾ ਪਾਉਣਗੇ, ਜਿਸ ਤਰ੍ਹਾਂ ਪਹਿਲੇ ਅਸੀਂ ਉਹਨਾਂ ਦੀ ਫਿਲਮ ਵਿਚ ਹਿੱਸਾ ਪਾ ਰਹੇ ਹਾਂ। ਬੜੀ ਬਰੀਕੀ ਨਾਲ ਛਾਣਬੀਣ ਕਰਕੇ ਇਹ ਦੋਨੋਂ ਪ੍ਰਾਜੈਕਟ ਬਣਾਏ ਗਏ ਹਨ ਤਾਂ ਜੋ ਸੋਸਾਇਟੀ ਦੀ ਹਰ ਪੱਖ ਤੋਂ ਸਫ਼ਲ ਬੁਨਿਯਾਦ ਰੱਖੀ ਜਾ ਸਕੇ। ਹਰ ਇਕ ਨੁਕਤੇ ਨੂੰ ਬਾਕਾਇਦਾ ਲਿਖਤ ਵਿਚ ਲਿਆਂਦਾ ਗਿਆ ਹੈ। ਸਮਤਾ ਦੇ ਇਨ੍ਹਾਂ ਕਾਲਮਾਂ ਰਾਹੀਂ ਮੈਂ ਅਪੀਲ ਕਰਦਾ ਹਾਂ ਕਿ ਫਿਲਮ ਨਿਰਮਾਣ ਦੇ ਇਸ ਪ੍ਰਾਜੈਕਟ ਵਿਚ ਮੇਰੀ ਮਦਦ ਕੀਤੀ ਜਾਏ। ਇਹ ਯਕੀਨ ਮੰਨਕੇ ਕਿ ਉਹਨਾਂ ਦੀ ਦਿੱਤੀ ਰਕਮ ਦੀ ਹਰ ਪਾਈ ਦੀ ਸਹੀ ਤਰੀਕੇ ਨਾਲ ਵਰਤੋਂ ਕੀਤੀ ਜਾਏਗੀ ਤੇ ਲਾਹੇਵੰਦ ਤਰੀਕੇ ਨਾਲ ਉਹਦੀ ਵਾਪਸੀ ਕੀਤੀ ਜਾਏਗੀ, ਕਿਉਂਕਿ ਮੈਂ ਸਮਝਦਾ ਹਾਂ ਕਿ ਸਾਡੇ ਦਾਇਰੇ ਦੇ ਲੋਕਾਂ ਦੀ ਕਮਾਈ ਲਹੂ ਪਸੀਨੇ ਦੀ ਕਮਾਈ ਹੈ। ਤੁਹਾਡੇ ਹੁੰਗਾਰੇ ਦੀ ਮੈਨੂੰ ਉਡੀਕ ਰਹੇਗੀ।

ਗੁਰਸ਼ਰਨ ਸਿੰਘ
ਕਨਵੀਨਰ ਪ੍ਰਗਤੀਵਾਦੀ ਫਿਲਮ ਨਿਰਮਾਤਾ ਸੋਸਾਇਟੀ, ਪੰਜਾਬ
ਗੁਰੂ ਖਾਲਸਾ ਨਿਵਾਸ, ਡਾਕਖਾਨਾ ਖਾਲਸਾ ਕਾਲਜ, ਅੰਮ੍ਰਿਤਸਰ